# ਬਾਣੀ ਬਾਲ ਕਹਾਣੀਆਂ



ਮਨਮੋਹਨ ਸਿੰਘ ਦਾਊਂ

2017

# ਬਾਈ ਬਾਲ ਕਹਾਣੀਆਂ

# ਬਾਈ ਬਾਲ ਕਹਾਣੀਆਂ

**ਮਨਮੋਹਨ ਸਿੰਘ ਦਾਊਂ**

**ਸਪਤਰਿਸ਼ੀ ਪਬਲੀਕੇਸ਼ਨਜ਼**
**ਚੰਡੀਗੜ੍ਹ**

# Bai Baal Kahanian

by

**Manmohan Singh Daon**

# 280, Phase-6,

S.A.S. Nagar (Mohali) - 160055

Mob: 98151-23900

**ISBN**

**978-93-86318-70-1**

**Edition 2017**

ਚਿੱਤਰਕਾਰ: ਭੱਟ ਗੁਰਦੀਪ

**Price: Rs. 100/-**

Published by

**Sapatrishi Publications**

24/9, Industrial Area, Phase-2,

Near Tribune Chowk, Chandigarh.

094630-88272, 0172-5002591

E-mail-: sapatrishi94@gmail.com

*All rights reserved. No part of this book may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the Publisher and Author.*

# ਸਮਰਪਿਤ

ਪਿਤਾ ਜੀ ਦੇ
ਬਚਪਨ
ਦੀਆਂ ਕਥਾ-ਕਹਾਣੀਆਂ
ਨੂੰ
ਯਾਦ ਕਰਦਿਆਂ।

# ਮਨਮੋਹਨ ਸਿੰਘ ਦਾਊਂ ਰਚਨਾਵਲੀ:

**ਪ੍ਰੌੜ ਸਾਹਿਤ ਕਾਵਿ-ਸੰਗ੍ਰਹਿ:**

1. ਖ਼ਾਮੋਸ਼ ਚਸ਼ਮਾ
2. ਦਰਦ ਸੰਗ ਦੋਸਤੀ
3. ਰਾਤਾਂ ਪ੍ਰਭਾਤਾਂ
4. ਮਿੱਟੀ ਦਾ ਰੁਦਨ
5. ਅਗੰਮ ਅਗੋਚਰ
6. ਸ਼ਾਇਰੀ ਦਾ ਸਰਵਰ
7. ਸ਼ਾਇਰੀ ਸਾਗਰ (ਇਨਾਮ ਜੇਤੂ)
8. ਉਦਾਸੀਆਂ ਦਾ ਬੂਹਾ-ਸੁਲਖਣੀ
9. ਪੰਛੀ ਬਿਰਖ ਸੁਹਾਵੜਾ

**ਵਾਰਤਕ ਸੰਗ੍ਰਹਿ:**

1. ਜ਼ਿੰਦਗੀ ਦਾ ਸੱਚ
2. ਪੰਜਾਬ ਦਾ ਸੁਪਨਸਾਜ਼- ਡਾ. ਐਮ.ਐਸ. ਰੰਧਾਵਾ
3. ਸਭਿਆਚਾਰਕ ਮੁਹਾਂਦਰੇ (ਇਨਾਮ ਜੇਤੂ)
4. ਚੰਡੀਗੜ੍ਹ ਲੋਪ ਕੀਤੇ ਪੁਆਧੀ ਪਿੰਡ
5. ਰੁੱਖਾਂ ਨਾਲ ਦੋਸਤੀ
6. ਕਰਤਾਰ ਸਿੰਘ ਬਲੱਗਣ: ਜੀਵਨ ਤੇ ਰਚਨਾ (ਪੰਜਾਬੀ ਯੂਨੀਵਰਸਿਟੀ ਪਟਿਆਲਾ - ਪ੍ਰਕਾਸ਼ਨਾ)
7. ਜੀਵਨ ਰਸ (ਸਾਹਿਤਕ ਲੇਖ ਸੰਗ੍ਰਹਿ)

**ਸੰਪਾਦਨਾ ਕਾਰਜ:**

1. ਪੁਆਧ ਦਰਪਣ (ਪਰਾਗਾ- I)
2. ਧਰਤ ਪੁਆਧ (ਪਰਾਗਾ- II)

3. ਧਰਤ ਪੰਜਾਬ (ਪੰਜਾਬ ਸਕੂਲ ਸਿੱਖਿਆ ਬੋਰਡ ਪ੍ਰਕਾਸ਼ਨਾ)
4. ਜਜ਼ਬਿਆਂ ਦੀ ਸਾਂਝ (ਕਾਵਿ ਪੁਸਤਕ)
5. ਤ੍ਰਿਹਾਏ ਪੱਤਣ (ਕਾਵਿ ਪੁਸਤਕ)
6. ਡੰਗੋਰੀ (ਕਹਾਣੀ ਸੰਗ੍ਰਹਿ)
7. ਧਰਤ ਕਲੇਜੇ ਪੀੜ (ਕਾਵਿ-ਸੰਗ੍ਰਹਿ)
8. ਮਿੱਟੀ ਦਾ ਬਿਰਹੜਾ (ਕਾਵਿ-ਸੰਗ੍ਰਹਿ)
9. ਔਝੜ ਰਾਹ
10. ਯਾਦਾਂ ਦਾ ਸ਼ੀਸ਼ਾ
11. ਔੜਾਂ ਮਾਰਿਆ ਰੁੱਖ
12. ਆਓ ਬਚਪਨ ਸਾਂਭੀਏ
13. ਮੇਰਾ ਪੁਆਧ
14. ਕਾਠ ਦਾ ਘੋੜਾ
15. ਕਥਾ ਪੁਰਾਤਨ ਪੁਆਧ ਕੀ
16. ਖੰਪ-ਪਖੇਰੂ
17. ਸੱਤ ਸਾਦਿਕ
18. ਕੱਜਣ
19. ਅਸੀਂ ਤੇ ਬੱਚੇ
20. ਸਕੂਲਾਂ ਲਈ ਚੋਣਵੀਆਂ ਕਵਿਤਾਵਾਂ ਤੇ ਗੀਤ
21. ਪੰਜਾਬ ਦੀ ਕਿਰਸਾਨੀ ਦੀਆਂ ਬੋਲੀਆਂ
22. ਬਾਲ-ਖੇਡਾਂ ਰੰਗ-ਬਰੰਗੀਆਂ
23. ਨਿਰਾਲੀ ਚਮਕ

**ਬਾਲ-ਸਾਹਿਤ**

1. ਕਿਰਲੀ ਤੇ ਤਿਤਲੀ (ਬਾਲ ਕਹਾਣੀਆਂ) - ਇਨਾਮ ਜੇਤੂ
2. ਬੋਲਾਂ ਦੇ ਖੰਭ (ਬਾਲ ਕਹਾਣੀਆਂ)
3. ਤਿੰਨ ਸੁਪਨੇ (ਬਾਲ ਕਹਾਣੀਆਂ)
4. ਪੰਛੀਆਂ ਦੇ ਗੀਤ (ਬਾਲ-ਕਵਿਤਾਵਾਂ)
5. ਫਲਾਂ ਦੀ ਟੋਕਰੀ (ਨਰਸਰੀ-ਗੀਤ)

6. ਚਾਨਣ ਦੀ ਟਹਿਣੀ (ਬਾਲ-ਗੀਤ) - ਇਨਾਮ ਜੇਤੂ
7. ਧਰਤੀ ਦੇ ਰੰਗ (ਕਾਵਿ-ਰਚਨਾ)
8. ਫੁੱਲਾਂ ਵਾਲਾ ਘਰ (ਬਾਲ-ਕਵਿਤਾਵਾਂ) - ਇਨਾਮ ਜੇਤੂ
9. ਮੇਰਾ ਦੀਵਾ (ਬਾਲ-ਗੀਤ) - ਇਨਾਮ ਜੇਤੂ
10. ਰੁੱਖਾਂ ਦਾ ਖਜ਼ਾਨਾ (ਕਾਵਿ-ਰਚਨਾ)
11. ਅਜ਼ਾਦੀ ਦੀ ਵਾਰ (ਕਾਵਿ-ਰਚਨਾ)
12. ਪੀਂਘ ਹੁਲਾਰੇ (ਨਰਸਰੀ-ਗੀਤ)
13. ਸੋਨ ਸਵੇਰਾ (ਬਾਲ-ਕਵਿਤਾਵਾਂ)
14. ਫੁੱਲਾਂ ਦਾ ਪੰਘੂੜਾ (ਬਾਲ-ਕਵਿਤਾਵਾਂ)
15. ਗਾਥਾ ਗੜ੍ਹੀ ਚਮਕੌਰ (ਕਾਵਿ-ਰਚਨਾ)
16. ਗੀਤਾਂ ਦੇ ਘੁੰਗਰੂ (ਬਾਲ-ਕਵਿਤਾਵਾਂ)
17. ਸੁਪਨਿਆਂ ਵਾਲਾ ਬਚਪਨ (ਬਾਲ-ਕਵਿਤਾਵਾਂ)
18. ਵਿੱਦਿਆ ਦਾ ਗਹਿਣਾ (ਬਾਲ-ਕਵਿਤਾਵਾਂ)
19. ਮੁਹਰ ਵਾਲੀ ਕਚੌਰੀ (ਕਹਾਣੀ)
20. ਕਿਰਨਾਂ ਦੇ ਫੁੱਲ (ਬਾਲ-ਕਵਿਤਾਵਾਂ)
21. ਸ਼ੁੱਧ ਹਵਾ ਦੀ ਲੋੜ
22. ਚਾਚਾ ਨਹਿਰੂ (ਜੀਵਨੀ)
23. ਚਾਨਣ ਦਾ ਥਾਲ (ਬਾਲ-ਕਵਿਤਾਵਾਂ)
24. ਬਾਲ-ਝਰੋਖਾ (ਜੀਵਨ-ਯਾਦਾਂ)- ਇਨਾਮ ਜੇਤੂ
25. ਲੋਕ ਰਾਂਗਲਾ- ਪਿੱਪਲ (ਕਾਵਿ ਰਚਨਾ)
26. ਰੁੱਖਾਂ ਦੇ ਮੈਂ ਗਾਵਾਂ ਗੀਤ
27. ਨਵੀਆਂ ਸਭਿਆਚਾਰਕ ਬੋਲੀਆਂ
28. ਸੱਤ ਵਿਲੱਖਣ ਸ਼ਖ਼ਸੀਅਤਾਂ
29. ਮਹਾਤਮਾ ਗਾਂਧੀ (ਜੀਵਨੀ)

# ਇਨ੍ਹਾਂ ਕਹਾਣੀਆਂ ਦੀ ਪਿੱਠ-ਭੂਮੀ

ਮਾਂ-ਬੋਲੀ ਪੰਜਾਬੀ ਵਿੱਚ ਬਾਲ-ਸਾਹਿਤ ਨੂੰ ਪ੍ਰਫੁੱਲਤ ਕਰਨ ਦੀ ਬੜੀ ਲੋੜ ਹੈ। ਜਿੰਨੀ ਗੰਭੀਰਤਾ ਨਾਲ ਬੱਚਿਆਂ ਲਈ ਲਿਖਣਾ ਚਾਹੀਦਾ ਹੈ, ਉਸ ਲਈ ਜ਼ਿੰਮੇਵਾਰੀ ਨਾਲ ਲਿਖਣਾ ਹੋਰ ਵੀ ਜ਼ਰੂਰੀ ਹੈ। ਅਸਲ ਵਿੱਚ ਅਸੀਂ ਬੱਚਿਆਂ ਦੇ ਮਨੋ-ਵਿਗਿਆਨ ਨੂੰ ਉਹ ਤਰਜੀਹ ਹੀ ਨਹੀਂ ਦਿੱਤੀ ਜਿਸ ਦੇ ਆਧਾਰ 'ਤੇ ਬਾਲ-ਸਾਹਿਤ ਦੀ ਸਿਰਜਣਾ ਹੋਣੀ ਹੈ। ਬੱਚਿਆਂ ਦਾ ਸੰਸਾਰ ਵੱਡਿਆਂ ਨਾਲੋਂ ਅਨੂਠਾ ਹੁੰਦਾ ਹੈ। ਜਿਵੇਂ ਬੱਚੇ ਸੋਚਦੇ, ਕਲਪਨਾ ਕਰਦੇ ਤੇ ਸੁਪਨੇ ਲੈਂਦੇ ਹਨ ਉਵੇਂ ਦੇ ਪਲ ਸਾਡੇ ਕੋਲੋਂ ਫੜ ਨਹੀਂ ਹੁੰਦੇ। ਬੱਚਿਆਂ ਅਤੇ ਸਾਡੇ ਵਿਚਲਾ ਫ਼ਾਸਲਾ ਵੱਧ ਜਾਂਦਾ ਹੈ ਜਿਸ ਕਾਰਨ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਮਾਪੇ ਪ੍ਰੇਸ਼ਾਨ ਤੇ ਦੁਖੀ ਹੁੰਦੇ ਹਨ। ਬੱਚੇ ਦੀ ਸਮੱਸਿਆ ਸਮਝਣ ਨਾਲੋਂ ਅਸੀਂ ਆਪਣੀ ਸਿਆਪਣ ਠੋਸਣ ਲਗ ਪੈਂਦੇ ਹਾਂ। ਕਈ ਵੇਰ ਬੱਚੇ ਦੀ ਔਕੜ ਬਹੁਤ ਛੋਟੀ ਹੁੰਦੀ ਹੈ ਪਰੰਤੂ ਉਸ ਪ੍ਰਤੀ ਬੇਗੌਰੇ ਹੋ ਜਾਂਦੇ ਹਾਂ ਤੇ ਸਮੱਸਿਆ ਵੱਡੀ ਹੋ ਜਾਂਦੀ ਹੈ। ਸਾਨੂੰ ਚਿੰਤਾ ਵਿਆਕੁਲ ਕਰਦੀ ਹੈ। ਬਿਨਾਂ ਸੋਚਿਆਂ-ਸਮਝਿਆਂ ਅਸੀਂ ਬੱਚੇ ਦਾ ਕਸੂਰ ਮੰਨ ਲੈਂਦੇ ਹਾਂ। ਸਾਡੇ ਘਰਾਂ ਤੇ ਸਕੂਲਾਂ ਵਿੱਚ ਅਜਿਹਾ ਹਰ ਰੋਜ਼ ਵਾਪਰਦਾ ਹੈ।

ਮਾਪੇ ਤੇ ਅਧਿਆਪਕ ਬੱਚਿਆਂ ਦੇ ਸੂਖ਼ਮ ਅਨੁਭਵਾਂ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ। ਇਸ ਦੇ ਕਈ ਮਾਰੂ ਨਤੀਜੇ ਨਿਕਲਦੇ ਹਨ। ਬੱਚੇ ਮਨੋ-ਰੋਗੀ ਹੋ ਜਾਂਦੇ ਹਨ। ਉਨ੍ਹਾਂ ਅੰਦਰ ਡਰ ਬੈਠ ਜਾਂਦਾ ਹੈ। ਪਿਆਰ ਤੇ ਮੋਹ ਨਾ ਮਿਲਣ ਕਾਰਨ, ਉਹ ਬੇਰੁਖੀ ਦਾ ਸ਼ਿਕਾਰ ਹੋ ਜਾਂਦੇ ਹਨ। ਅਪਣੱਤ ਨਾ ਮਿਲਣ ਕਾਰਨ, ਉਨ੍ਹਾਂ ਦੇ ਸੁਭਾਅ 'ਚ ਤਲਖੀ ਆ ਜਾਂਦੀ ਹੈ। ਭੰਨ-ਤੋੜ ਕਰਨ ਦੀ ਪ੍ਰਵਿਰਤੀ ਭਾਰੂ ਹੋ ਜਾਂਦੀ ਹੈ। ਬਾਗੀ ਰੁਚੀ ਪ੍ਰਬਲ ਹੋ ਜਾਂਦੀ ਹੈ। ਕਈ ਕੁਰੀਤੀਆਂ ਵੱਲ ਪੈਰ ਧਰਨ ਲਗ ਜਾਂਦੇ ਹਨ। ਇਸ ਦੇ ਉਲਟ ਜੇ ਅਸੀਂ ਬੱਚਿਆਂ ਪ੍ਰਤੀ ਮੁਹੱਬਤ ਅਤੇ ਸੁਹਿਰਦਤਾ ਵਾਲਾ ਵਤੀਰਾ ਅਪਣਾਈਏ ਤਾਂ ਕਠਨ ਤੋਂ ਕਠਨ ਸਮੱਸਿਆ ਵੀ ਹੱਲ ਹੋ ਜਾਂਦੀ ਹੈ। ਬੱਚੇ ਲਈ ਘਰ ਸਭ ਤੋਂ ਪਹਿਲੀ ਟਕਸਾਲ ਹੈ,

ਜਿੱਥੋਂ ਉਸ ਦੇ ਭਵਿੱਖ ਦੀ ਉਸਾਰੀ ਪ੍ਰਾਰੰਭ ਹੋਣੀ ਹੁੰਦੀ ਹੈ। ਸਕੂਲ ਬੱਚੇ ਦੀਆਂ ਕਰਤਾਰੀ-ਕਿਰਿਆਵਾਂ ਨੂੰ ਵਿਗਸਣ ਤੇ ਮੌਲਣ ਲਈ ਸਹੂਲਤਾਂ ਪ੍ਰਦਾਨ ਕਰਦਾ ਹੈ, ਜਿੱਥੇ ਉਹ ਆਪਣੇ ਹਮਜੋਲੀਆਂ ਦੀ ਸੰਗਤ ਵਿੱਚ ਵਿਚਰਦਾ ਹੈ। ਅਧਿਆਪਕ ਉਨ੍ਹਾਂ ਦੇ ਪੱਥ-ਪ੍ਰਦਰਸ਼ਕ ਹੁੰਦੇ ਹਨ। ਜੀਵਨ-ਜਾਚ ਸਿਖਾਉਣਾ ਸਿੱਖਿਆ ਦਾ ਮੂਲ ਮਨੋਰਥ ਹੈ, ਪਰੰਤੂ ਇੱਥੇ ਵੀ ਸਕੂਲ ਦਾ ਸਮੁੱਚਾ ਵਾਤਾਵਰਨ ਬੱਚੇ ਦੀ ਮਾਨਸਿਕ ਸਥਿਤੀ ਅਤੇ ਅਵਸਥਾ ਨੂੰ ਸਮਝਣ ਨਾਲੋਂ ਅਕਾਦਮਿਕਤਾ ਦਾ ਭਾਰ ਠੋਸਣ 'ਤੇ ਲੱਗਿਆ ਰਹਿੰਦਾ ਹੈ। ਇਹ ਵੇਖਣ 'ਚ ਆਇਆ ਹੈ ਕਿ ਬਹੁਤ ਸਾਰੇ ਬੱਚੇ ਇਸ ਕਿਸ਼ੋਰ ਉਮਰੇ ਠੀਕ ਅਗਵਾਈ ਨਾ ਮਿਲਣ ਕਾਰਨ, ਜੀਵਨ 'ਚ ਭਟਕ ਜਾਂਦੇ ਹਨ।

'ਬਾਈ ਬਾਲ ਕਹਾਣੀਆਂ' (ਹਥਲੀ ਪੁਸਤਕ) ਮੈਂ ਉਚੇਚੇ ਤੌਰ 'ਤੇ ਬੱਚਿਆਂ ਦੇ ਸੰਸਾਰ ਨੂੰ ਸਮਝਣ ਦੇ ਨਜ਼ਰੀਏ ਤੋਂ ਲਿਖਣ ਦੀ ਕੋਸ਼ਿਸ਼ ਕੀਤੀ ਹੈ। ਇਹ ਮੇਰਾ ਆਪਣਾ ਨਿੱਜੀ-ਪ੍ਰਯੋਗ ਵੀ ਹੈ ਤੇ ਆਪ ਸਾਰਿਆਂ ਨਾਲ ਵਰਤਦੀ ਹੱਡ-ਬੀਤੀ ਵੀ ਹੈ। ਬੱਚੇ ਦੇ ਬਹੁਤ ਕੋਮਲ ਜਜ਼ਬਿਆਂ ਨੂੰ ਸਮਝਣ ਦਾ ਉਪਰਾਲਾ ਹੈ। ਇਹ ਕਹਾਣੀਆਂ ਸਾਨੂੰ ਆਪਣੇ ਅੰਦਰ ਝਾਤੀ ਮਾਰਨ ਲਈ ਹਨ। ਬਹੁਤ ਸੰਜਮੀ-ਸ਼ੈਲੀ ਦੀ ਵਰਤੋਂ ਕੀਤੀ ਗਈ ਹੈ। ਬਹੁਤਾ ਕੁਝ ਪਾਠਕਾਂ ਨੂੰ ਸੋਚਣ ਲਈ ਛੱਡ ਦਿੱਤਾ ਗਿਆ ਹੈ। ਇਨ੍ਹਾਂ ਕਹਾਣੀਆਂ ਦੀ ਪਿੱਠ-ਭੂਮੀ 'ਚ ਬਹੁਤ ਕੁਝ ਲੁਕਿਆ ਪਿਆ ਜਿਸ 'ਤੇ ਚਿੰਤਨ ਕਰਨ ਦੀ ਲੋੜ ਹੈ। ਆਓ, ਬੱਚਿਆਂ ਨਾਲ ਦੋਸਤੀ ਪਾਈਏ।

*ਮਨਮੋਹਨ ਸਿੰਘ ਦਾਊਂ*

ਸੰ: 98151-23900

# ਤਤਕਰਾ


| | | |
|---|---|---|
| 1. | ਬਚਪਨ ਦਾ ਸੱਚ | 12 |
| 2. | ਸ਼ੀਸ਼ੀ ਦਾ ਢੱਕਣ | 14 |
| 3. | ਮੰਨ-ਮਨਾਈ | 16 |
| 4. | ਫੁੱਲਾਂ ਦੀ ਮਹਿਮਾ | 18 |
| 5. | ਸਵੈਟਰ | 20 |
| 6. | ਬੂਟਾਂ ਦੇ ਪਤਾਮੇ | 22 |
| 7. | ਖਿੜਕੀ ਖੋਲ੍ਹ ਦਿਓ | 24 |
| 8. | ਖੇਡਣ ਦਾ ਚਾਅ | 26 |
| 9. | ਭਰੇ ਹੋਏ ਦੁੱਧ ਦਾ ਕੱਪ | 28 |
| 10 | ਚਮਚੇ ਦੀ ਥਾਂ ਕੌਲੀ | 30 |
| 11 | ਪਸੰਦ | 32 |
| 12 | ਨਾਨੀ ਦੀਆਂ ਅੱਡੀਆਂ | 34 |
| 13 | ਤੱਤੀ ਤਵੀ | 36 |
| 14 | ਫੁੱਲਾਂ 'ਤੇ ਡਿੱਗੇ ਅੱਥਰੂ | 38 |
| 15 | ਤ੍ਰੇਹ | 40 |
| 16 | ਬਾਲ-ਚਿੱਤਰਕਾਰੀ | 42 |
| 17 | ਆਲ੍ਹਣੇ ਦਾ ਵਿਗੋਚਾ | 44 |
| 18 | ਭਾਸ਼ਾ ਤੇ ਮਾਂ | 46 |
| 19 | ਪ੍ਰੇਰਨਾ ਦੇ ਪਲ | 48 |
| 20 | ਮਮਤਾ ਦੇ ਅੱਥਰੂ | 50 |
| 21 | ਠੀਂਗਾ-ਠਾਂਗੀ | 52 |
| 22 | ਸੁੱਖ ਦਾ ਸਾਹ | 54 |

# 1

## ਬਚਪਨ ਦਾ ਸੱਚ



ਇੱਕ ਦਿਨ ਸਾਡੇ ਘਰ ਮੇਰਾ ਇੱਕ ਦੋਸਤ ਆਇਆ। ਅਸੀਂ ਗੱਲਾਂ ਕਰਨ ਲੱਗ ਪਏ ਤੇ ਚਾਹ-ਪਾਣੀ ਪੀਣ ਲੱਗ ਪਏ। ਏਨੇ ਨੂੰ ਮੇਰਾ ਪੋਤਰਾ (ਹੁਸਨਵੀਰ) ਵੀ ਆ ਗਿਆ। ਉਦੋਂ ਉਸ ਦੀ ਉਮਰ ਸੱਤ ਕੁ ਸਾਲ ਸੀ। ਉਸ ਨੇ ਹੱਥ ਜੋੜ ਕੇ ਮੇਰੇ ਮਿੱਤਰ ਨੂੰ ਸਤਿ ਸ੍ਰੀ ਅਕਾਲ ਆਖੀ। ਝੁਕ ਕੇ ਪੈਰ ਵੀ ਛੂਹੇ। ਮਹਿਮਾਨ ਮਿੱਤਰ ਨੇ ਅਸੀਸ ਦਿੱਤੀ।

ਕੁਝ ਦੇਰ ਹੁਸਨਵੀਰ ਸਾਡੀਆਂ ਗੱਲਾਂ ਸੁਣਦਾ ਰਿਹਾ। ਮੇਰੇ ਕੋਲ ਆ ਕੇ ਮੇਰੇ ਕੰਨ 'ਚ ਕਹਿਣ ਲੱਗਾ, "ਦਾਦਾ ਜੀ, ਮੈਂ ਆਪਣੀ ਡਰਾਇੰਗ-ਫਾਈਲ ਇਨ੍ਹਾਂ ਨੂੰ ਵਿਖਾ ਦੇਵਾਂ?" ਮੈਂ ਕਿਹਾ ਤੇਰੀ ਮਰਜ਼ੀ।

ਝੱਟ, ਹੁਸਨਵੀਰ ਕਮਰੇ 'ਚੋਂ ਆਪਣੀ ਕਲਾ-ਕਿਰਤਾਂ ਵਾਲੀ ਫਾਈਲ ਲੈ ਆਇਆ।

ਵੇਖੋ ਮੇਰੀ ਡਰਾਇੰਗ, ਹੁਸਨਵੀਰ ਬਿਨਾਂ ਝਿਜਕ ਮੇਰੇ ਦੋਸਤ ਨੂੰ ਕਹਿਣ ਲੱਗਾ।

ਅਸੀਂ ਉਸ ਦੀ ਚਿੱਤਰਕਾਰੀ ਵਾਲੀ ਫਾਈਲ ਵੇਖਣ ਵਿੱਚ ਮਗਨ ਹੋ ਗਏ। ਹਰ ਇੱਕ ਚਿੱਤਰ ਬਾਰੇ ਉਹ ਜਾਣਕਾਰੀ ਦੇਂਦਾ ਰਿਹਾ ਤੇ ਸ਼ਾਬਾਸ਼ ਲੈਂਦਾ ਰਿਹਾ। ਸੱਚਮੁੱਚ ਚਿੱਤਰ ਬਹੁਤ ਚੰਗੇ ਲੱਗ ਰਹੇ ਸਨ।

ਫੇਰ ਚਿੱਤਰ ਵਿਖਾਉਂਦਾ-ਵਿਖਾਉਂਦਾ ਕਹਿਣ ਲੱਗਾ।

"ਇਹ ਚਿੱਤਰ ਮੇਰੀ ਦੀਦੀ (ਸੁਖਨਪ੍ਰੀਤ) ਨੇ ਬਣਾਏ ਐਂ। ਮੇਰੇ ਨਹੀਂ।"

ਆਪਣੀ ਫਾਈਲ 'ਚ ਕੁਝ ਚਿੱਤਰ ਹੁਸਨਵੀਰ ਨੇ ਆਪਣੀ ਦੀਦੀ ਦੇ ਬਣਾਏ ਹੋਏ, ਸੰਭਾਲ ਰੱਖੇ ਸਨ। ਉਸ ਨੂੰ ਉਹ ਚੰਗੇ ਲਗਦੇ ਸਨ।

ਅੱਗੋਂ ਕਹਿਣ ਲੱਗਾ, ਦੀਦੀ ਮੈਨੂੰ ਡਰਾਇੰਗ ਸਿਖਾਉਂਦੀ ਹੁੰਦੀ ਐ। ਜਦੋਂ ਉਹ ਸਾਡੇ ਘਰ ਆਉਂਦੀ। ਦੇਖੋ ਕਿੰਨੇ ਸੁਹਣੇ ਦੀਦੀ ਦੇ ਚਿੱਤਰ। ਮੈਂ ਵੀ ਏਨੇ ਸੁਹਣੇ ਬਣਾਉਂਗਾ। ਮੇਰਾ ਦੋਸਤ ਕੁਝ ਪਲ ਗੰਭੀਰ ਹੋ ਗਿਆ। ਉਸ ਦੇ ਮੂੰਹੋਂ ਨਿਕਲਿਆ:

> "ਹੁਸਨਵੀਰ, ਤੂੰ ਬਹੁਤ ਸੱਚ ਬੋਲਦੈਂ। ਤੇਰੇ ਚਿੱਤਰ ਵੀ ਬਹੁਤ ਸੁੰਦਰ ਹਨ, ਤੇਰੇ ਵਰਗੇ। ਸ਼ਾਬਾਸ਼।"

ਇਹ ਸਾਰੀ ਗੱਲ ਹੁਸਨਵੀਰ ਆਪਣੀ ਮੰਮੀ ਨੂੰ ਦੱਸਣ ਲਈ, ਸਾਡੇ ਕੋਲੋਂ ਭੱਜ ਗਿਆ।

❖ ❖ ❖

# 2

## ਸ਼ੀਸ਼ੀ ਦਾ ਢੱਕਣ



ਦੀਪ ਨੂੰ ਝਿੜਕਾਂ ਪੈ ਰਹੀਆਂ ਸਨ।

ਉਹ ਚੁੱਪ-ਚਾਪ ਖੜੋਤਾ ਸੀ। "ਤੈਨੂੰ ਦਿਖਦਾ ਨਹੀਂ? ਦਵਾਈ ਕਿੰਨੀ ਡੁੱਲ੍ਹ ਗਈ ਹੈ?" ਉਸ ਦੀ ਮੰਮੀ ਕੜਕ ਕੇ ਬੋਲੀ। ਉਸ ਦਾ ਬਿਨਾਂ ਬੋਲਿਆਂ ਉੱਤਰ ਸੀ: "ਦਵਾਈ

ਮੈਥੋਂ ਨਹੀਂ ਡੁਲ੍ਹੀ।" ਗੁੱਸੇ ਦੀ ਆਵਾਜ਼ ਸੀ: "ਹੋਰ ਕਿਸ ਤੋਂ ਡੁੱਲ੍ਹੀ ਹੈ?" ਸੱਚ ਜਾਨਣ ਦੀ ਕੋਈ ਕੋਸ਼ਿਸ਼ ਨਹੀਂ ਸੀ ਕਰ ਰਿਹਾ। ਦੀਪ ਬੇਬਸ ਸੀ। ਉਸ ਨੂੰ ਡਾਂਟ ਪੈ ਰਹੀ ਸੀ।

ਏਨੇ ਨੂੰ ਬਾਹਰੋਂ ਪ੍ਰੀਤੀ ਆ ਗਈ। ਡੁੱਲ੍ਹੀ ਦਵਾਈ ਵੇਖ ਕੇ, ਉਸ ਨੂੰ ਪਛਤਾਵਾ ਹੋਇਆ। ਉਹੋ, ਰਾਤੀਂ 'ਦਾਰ ਜੀ ਨੂੰ ਜਦੋਂ ਮੈਂ ਸ਼ੀਸ਼ੀ 'ਚੋਂ ਦਵਾਈ ਦਿੱਤੀ ਤਾਂ ਕਾਹਲੀ 'ਚ ਸ਼ੀਸ਼ੀ ਦਾ ਢੱਕਣ ਕਸਣਾ ਭੁੱਲ ਗਈ। ਢੱਕਣ ਢਿੱਲਾ ਹੀ ਰਹਿ ਗਿਆ। ਇਹ ਤਾਂ ਮੇਰੀ ਗ਼ਲਤੀ ਹੈ। ਹੁਣ ਜਦੋਂ 'ਦਾਰ ਜੀ ਨੇ ਦੀਪ ਤੋਂ ਦਵਾਈ ਮੰਗਵਾਈ ਤਾਂ ਉਸ ਨੂੰ ਕੀ ਪਤਾ ਸੀ ਕਿ ਸ਼ੀਸ਼ੀ ਦਾ ਢੱਕਣ ਤਾਂ ਢਿੱਲਾ ਹੈ।

ਸ਼ੀਸ਼ੀ ਦਾ ਢੱਕਣ ਕਸਿਆ ਹੋਇਆ ਸਮਝ, ਦੀਪ ਤੋਂ ਦਵਾਈ ਛਲਕ ਗਈ। ਢੱਕਣ ਥੱਲੇ ਡਿੱਗਣ ਤੋਂ ਤਾਂ ਬਚ ਗਈ। ਆਖ਼ਿਰ ਸਾਰਿਆਂ ਨੂੰ ਗੱਲ ਸਮਝ ਆ ਗਈ। ਪ੍ਰੀਤੀ ਨੂੰ ਅਫ਼ਸੋਸ ਹੋਇਆ ਕਿ ਮੇਰੀ ਕਾਹਲੀ ਕਾਰਨ ਦੀਪ ਨੂੰ ਝਿੜਕਾਂ ਪਈਆਂ। ਉਹ ਤਾਂ ਬੇਕਸੂਰ ਹੈ।

ਦਾਰ ਜੀ ਨੇ ਦੋਵਾਂ ਨੂੰ ਪਿਆਰ ਕਰਦਿਆਂ, ਸੱਚ ਬੋਲਣ 'ਤੇ ਸ਼ਾਬਾਸ਼ ਦਿੱਤੀ। ਮਾਸੂਮੀਅਤ ਦੇ ਸੱਚ ਅੱਗੇ ਸਾਰੇ ਚੁੱਪ ਹੋ ਗਏ।

❖ ❖ ❖

# 3

## ਮੰਨ-ਮਨਾਈ



ਜਸ਼ਨ ਦੀ ਉਮਰ ਸੱਤ ਸਾਲ ਦੀ ਹੋ ਗਈ ਹੈ। ਤੀਜੀ 'ਚ ਪੜ੍ਹਦਾ। ਉਸ ਦੇ ਕੇਸ ਬੜੇ ਲੰਮੇ ਹਨ। ਉਸ ਨੂੰ ਸਾਂਭਣੇ ਔਖੇ ਹਨ। ਪਰੰਤੂ ਜੂੜਾ ਕਰਨ ਨਾਲ ਜਸ਼ਨ ਬੜਾ ਪਿਆਰਾ ਲਗਦਾ ਹੈ।

ਐਤਵਾਰ ਦੀ ਛੁੱਟੀ ਦਾ ਦਿਨ ਹੈ। ਉਸ ਦੀ ਮੰਮੀ ਉਸ ਨੂੰ ਕੇਸੀਂ ਨਹਾਉਣਾ ਚਾਹੁੰਦੀ ਹੈ। ਖ਼ੂਬ ਤਾੜ-ਫਾੜ ਕਰਦੀ ਹੈ। ਜਸ਼ਨ ਸਭ ਕੁਝ ਸੁਣੀ ਜਾ ਰਿਹਾ ਹੈ।

ਨਹੀਂ ਨਹਾਉਣਾ ਤਾਂ ਮੈਂ ਤੇਰੇ ਕੇਸ ਨਾਈ ਨੂੰ ਬੁਲਾ ਕੇ ਕਟਵਾ ਦੇਣੇ ਹਨ। ਘੋਨ-ਮੋਨ ਕਰ ਦੇਣਾ। ਇਹ ਸੁਣ ਕੇ ਜਸ਼ਨ ਰੋਣ ਲਗ ਪੈਂਦਾ ਹੈ।

ਜਸ਼ਨ ਦੇ ਪਿਤਾ ਦੇ ਕੰਨੀ ਬੋਲ ਪੈਂਦੇ ਹਨ। ਉਹ ਬੇਚੈਨ ਹੋ ਜਾਂਦਾ ਹੈ। ਵਾਲਾਂ ਦੀ ਸੰਭਾਲ ਲਈ ਉਸ ਨੇ ਚੰਗੇ ਤੋਂ ਚੰਗਾ ਸਾਬਣ ਤੇ ਚੰਗੇ ਤੋਂ ਚੰਗਾ ਤੇਲ ਲਿਆ ਕੇ ਦਿੱਤਾ ਹੋਇਆ ਸੀ। ਬੁਰਸ਼ ਤੇ ਕੰਘਾ ਵੀ।

ਉਹ ਆਖਦਾ, "ਕੋਈ ਨੀਂ, ਅੱਜ ਛੁੱਟੀ ਹੀ ਹੈ। ਜਸ਼ਨ ਨੂੰ ਜ਼ਰਾ ਪੁਚਕਾਰ ਕੇ ਨਹਾ ਦਿਓ। ਆਖ਼ਰ ਅਜੇ ਬੱਚਾ ਹੀ ਹੈ।"

ਮੈਥੋਂ ਨੀਂ ਇਸ ਦੀਆਂ ਮਿੰਨਤਾਂ ਕਰ ਹੁੰਦੀਆਂ। ਕੁੱਟ ਖਾਏ ਬਿਨਾਂ ਇਸ ਨੇ ਨਹੀਂ ਨਹਾਉਣਾ। ਅੱਗੋਂ ਉੱਤਰ ਮਿਲਦਾ। ਜਸ਼ਨ ਹੋਰ ਵੀ ਡਰ ਜਾਂਦਾ ਹੈ।


ਪਿਆਰ ਭਰੀ ਅਵਾਜ਼ ਨਾਲ ਜਸ਼ਨ ਦਾ ਪਿਤਾ ਉਸ ਨੂੰ ਆਪਣੇ ਕੋਲ ਬੁਲਾ ਲੈਂਦਾ ਹੈ।

ਕੁਝ ਪਲਾਂ ਪਿੱਛੋਂ, ਜਸ਼ਨ ਆਪਣੇ ਪਿਤਾ ਕੋਲ ਆ ਜਾਂਦਾ ਹੈ ਤੇ ਨਹਾਉਣ ਨੂੰ ਕਹਿਣ ਲਗਦਾ ਹੈ। ਨਹਾਉਣ ਲਈ ਮੰਨ ਮਨਾਈ ਹੋ ਜਾਂਦੀ ਹੈ।

❖ ❖ ❖

4

# ਫੁੱਲਾਂ ਦੀ ਮਹਿਮਾ



ਮਾਰਚ ਦੇ ਮਹੀਨੇ ਦੇ ਅੰਤਲੇ ਦਿਨ ਸਨ। ਮੌਸਮ ਸੁਹਾਵਣਾ ਸੀ। ਅੱਜ ਹੁਸਨਪ੍ਰੀਤ ਨੂੰ ਸਵੇਰੇ-ਸਵੇਰੇ ਸਕੂਲ ਬੱਸ ਚੜ੍ਹਾਉਣ ਦੀ ਵਾਰੀ ਉਸ ਦੀ ਦਾਦੀ-ਮਾਂ ਦੀ ਸੀ। ਉਹ ਪੰਜਵੀਂ ਸ਼੍ਰੇਣੀ ਵਿੱਚ ਪੜ੍ਹਦਾ ਸੀ। ਘਰੋਂ ਥੋੜ੍ਹੀ ਦੂਰੀ 'ਤੇ ਹੀ ਬਸ-ਸਟਾਪ ਸੀ।

ਦਾਦੀ-ਮਾਂ ਹੁਸਨਪ੍ਰੀਤ ਨੂੰ ਘਰੋਂ ਲੈ ਤੁਰੀ। ਨਿਕੜੀਆਂ-ਨਿਕੜੀਆਂ ਗੱਲਾਂ ਹੁੰਦੀਆਂ ਰਹੀਆਂ। ਹੁਸਨਪ੍ਰੀਤ ਨੂੰ ਦਾਦੀ-ਮਾਂ ਨਾਲ ਗੱਲਾਂ ਕਰਨੀਆਂ ਚੰਗੀਆਂ ਲਗਦੀਆਂ ਸਨ। ਦੋਵੇਂ ਬਸ-ਸਟਾਪ ਵਾਲੀ ਥਾਂ 'ਤੇ ਪੁੱਜ ਗਏ। ਸੜਕ ਤੇ ਗਹਿਮਾ-ਗਹਿਮੀ ਸੀ। ਦਾਦੀ-ਮਾਂ ਉਸ ਨੂੰ ਬੜੇ ਧਿਆਨ ਨਾਲ ਸੜਕ ਪਾਰ ਕਰਵਾਉਂਦੀ। ਕਈ ਨਸੀਹਤਾਂ ਵੀ ਦੇਂਦੀ।

ਬੱਸ ਦੀ ਉਡੀਕ ਹੋਣ ਲੱਗੀ। ਹਵਾ 'ਚ ਬਿਰਖਾਂ ਦੇ ਪੱਤੇ ਟਾਹਣੀਆਂ ਨਾਲ ਗੱਲਾਂ ਕਰਦੇ ਜਾਪਦੇ ਸਨ। ਆਲਾ-ਦੁਆਲਾ ਚੰਗਾ-ਚੰਗਾ ਲੱਗ ਰਿਹਾ ਸੀ। ਬੱਸ ਅਜੇ ਆਈ ਨਹੀਂ ਸੀ ਤੇ ਦਾਦੀ-ਮਾਂ ਨੇ ਹੁਸਨਪ੍ਰੀਤ ਦਾ ਬੈਗ ਸੰਭਾਲਿਆ ਹੋਇਆ ਸੀ।

ਸੜਕ ਦੇ ਸਾਹਮਣੇ ਬੋਤਲ-ਬੁਰਸ਼ ਰੁੱਖ ਦੇ ਉਨਾਭੀ ਫੁੱਲ ਟਾਹਣੀਆਂ ਨਾਲ ਲਮਕਦੇ ਬੜੇ ਪਿਆਰੇ ਲਗਦੇ ਸਨ। ਦਾਦੀ-ਮਾਂ ਉਹਨਾਂ ਫੁੱਲਾਂ ਨੂੰ ਤੱਕਣ ਲਗਦੀ ਹੈ ਤੇ ਕਲਪਨਾ 'ਚ ਫੁੱਲਾਂ ਬਾਰੇ ਸੋਚਣ ਲਗਦੀ ਹੈ। ਆਖ਼ਰ ਉਹ ਰੁੱਖ ਵੱਲ ਇਸ਼ਾਰਾ ਕਰ ਕੇ ਹੁਸਨਪ੍ਰੀਤ ਨੂੰ ਕਹਿਣ ਲੱਗਦੀ ਹੈ: "ਹੁਸਨਪ੍ਰੀਤ, ਔਹ ਵੇਖ ਫੁੱਲ ਕਿੰਨੇ ਸੁਹਣੇ ਲਗਦੇ ਹਨ।" ਹੁਸਨਪ੍ਰੀਤ ਉਨ੍ਹਾਂ ਬੋਤਲ-ਬੁਰਸ਼ ਫੁੱਲਾਂ ਨੂੰ ਤੱਕਣ ਲਗਦਾ ਹੈ।

ਦਾਦੀ-ਮਾਂ ਪੁੱਛਦੀ ਹੈ, "ਬੇਟਾ, ਫੁੱਲ ਕਿਹੋ ਜਿਹੇ ਲਗਦੇ ਹਨ?" ਦੱਸਾਂ, ਦੱਸਾਂ ਦਾਦੀ-ਮਾਂ ਜਿਵੇਂ ਉਹ ਫੁੱਲਾਂ ਨੂੰ ਵੇਖ ਮੋਹਿਆ ਗਿਆ ਹੋਵੇ। ਉਹ ਕਲਪਣਾ ਕਰਦਾ ਹੈ।

ਉਸ ਦੇ ਮੂੰਹੋਂ ਨਿਕਲਿਆ, ਦਾਦੀ-ਮਾਂ, ਫੁੱਲਾਂ ਦੀਆਂ ਟਾਹਣੀਆਂ ਤਾਂ ਬਾਬਾ-ਗੁਰੂ ਜੀ ਨੂੰ ਚੌਰ ਕਰ ਰਹੀਆਂ ਹਨ ਜਿਵੇਂ ਗੁਰਦੁਆਰੇ 'ਚ ਭਾਈ ਕਰਦਾ ਹੁੰਦਾ ਹੈ। ਇਹ ਬੋਲ ਸੁਣ ਕੇ ਦਾਦੀ-ਮਾਂ ਅੰਦਰੋਂ ਖਿੜ ਉੱਠਦੀ ਹੈ। ਏਨੇ ਨੂੰ ਬੱਸ ਆ ਜਾਂਦੀ ਹੈ। ਦਾਦੀ-ਮਾਂ ਤੋਂ ਅਸੀਸਾਂ ਲੈ, ਹੁਸਨਪ੍ਰੀਤ ਬੱਸ ਚੜ੍ਹ ਜਾਂਦਾ ਹੈ। ਦਾਦੀ ਮਾਂ ਨੂੰ ਹਵਾ 'ਚ ਝੂਲਦੇ ਫੁੱਲ ਹੋਰ ਵੀ ਸੁੰਦਰ ਤੇ ਪਵਿੱਤਰ ਜਾਪਣ ਲਗ ਪੈਂਦੇ ਹਨ।

❖ ❖ ❖

# 5

## ਸਵੈਟਰ



ਦਸੰਬਰ ਮਹੀਨੇ ਦਾ ਆਰੰਭ ਸੀ। ਸਰਦੀ ਅਜੇ ਬਹੁਤੀ ਸ਼ੁਰੂ ਨਹੀਂ ਸੀ ਹੋਈ। ਮੀਨਾ ਆਪਣੇ ਚਾਰ ਕੁ ਸਾਲ ਦੇ ਪੁੱਤਰ (ਆਕੀ) ਨੂੰ ਸਰਦੀ ਤੋਂ ਬਚਣ ਲਈ ਤਾੜਦੀ ਰਹਿੰਦੀ। "ਪੈਰਾਂ 'ਚ ਬੂਟ ਪਾ ਕੇ ਰੱਖ, ਠੰਢ ਲੱਗ ਜੂ ਗੀ। ਸਿਰ 'ਤੇ ਪਟਕਾ ਬੰਨ੍ਹ ਕੇ ਰੱਖ। ਨਹੀਂ ਤੇ ਤੇਰੀ ਚੰਡਾਈ ਹੋਊਗੀ।"

ਆਕੀ ਸਭ ਕੁਝ ਸੁਣਦਾ ਰਹਿੰਦਾ। ਸ਼ਰਾਰਤਾਂ ਕਰਦਾ ਰਹਿੰਦਾ। ਮੀਨਾ ਕਰਿਝਦੀ ਰਹਿੰਦੀ। ਅਸਲ ਵਿੱਚ ਕੁਦਰਤ ਦੇ ਵਰਤਾਰੇ ਨੂੰ ਸਮਝਣਾ ਸਾਨੂੰ ਆਉਂਦਾ ਨਹੀਂ। ਆਪਣੀ ਅਕਲ ਦਾ ਵਿਖਾਵਾ ਵਧੇਰੇ ਕਰਦੇ ਹਾਂ।

ਇੱਕ ਦਿਨ ਸਰਦੀ ਦੇ ਡਰੋਂ ਮੀਨਾ ਨੇ ਆਕੀ ਨੂੰ ਬੰਦ ਗਲੇ ਵਾਲਾ ਸਵੈਟਰ ਪਹਿਨਾ ਦਿੱਤਾ। ਸਵੈਰ ਤਾਂ ਪੈ ਗਿਆ ਪਰ ਆਕੀ ਨੇ ਰੋਣਾ ਸ਼ੁਰੂ ਕਰ ਦਿੱਤਾ। ਉਸ ਦੀ ਕੌਣ ਸੁਣੇ ? ਸਰਦੀ ਦੇ ਬਚਾਅ ਨਾਲੋਂ ਉਸਨੂੰ ਸਾਹ ਲੈਣਾ ਔਖਾ ਹੋ ਗਿਆ। ਮਾਂ ਦੀਆਂ ਝਿੜਕਾਂ ਨੇ ਰੋਣਾ ਹੋਰ ਵੀ ਵਧਾ ਦਿੱਤਾ। ਆਕੀ ਦੀ ਬੇਚੈਨੀ ਨੂੰ ਕੌਣ ਸਮਝੇ। ਆਕੀ ਰੋਂਦਾ ਰਿਹਾ। ਉਸ ਦਾ ਜੀਅ ਕਰੇ ਕਿ ਘਰੋਂ ਭੱਜ ਜਾਵਾਂ।


ਘਰ 'ਚ ਦਾਦੀ-ਮਾਂ ਸਾਰਾ ਕੁਝ ਵੇਖਦੀ ਰਹੀ। ਉਸ ਨੇ ਰੋਂਦੇ ਆਕੀ ਨੂੰ ਆਪਣੀ ਗੋਦ ਵਿੱਚ ਲੈ ਲਿਆ। ਉਸ ਦੇ ਅੱਥਰੂ ਪੂੰਝੇ। ਲਾਡ ਕੀਤਾ ਤੇ ਉਸ ਦਾ ਤੰਗ ਗਲੇ ਵਾਲਾ ਸਵੈਟਰ ਲਾਹ ਦਿੱਤਾ। ਆਕੀ ਨੂੰ ਜਿਵੇਂ ਕੈਦ ਤੋਂ ਛੁਟਕਾਰਾ ਮਿਲ ਗਿਆ ਹੋਵੇ। ਉਹ ਸੌਖਾ-ਸੌਖਾ ਮਹਿਸੂਸ ਕਰਨ ਲੱਗਾ। ਰੋਣਾ ਬੰਦ ਹੋ ਗਿਆ ਤੇ ਦਾਦੀ-ਮਾਂ ਤੋਂ ਕਹਾਣੀ ਸੁਣਨ ਲੱਗ ਪਿਆ।

"ਦਾਦੀ-ਮਾਂ, ਤੂੰ ਮੈਨੂੰ ਸਵੈਟਰ ਦਈਂ।" ਸੁਪਨੇ ਲੈਂਦਾ ਜਿਵੇਂ ਆਕੀ ਕਹਿ ਰਿਹਾ ਹੋਵੇ।

❖ ❖ ❖

# 6

## ਬੂਟਾਂ ਦੇ ਪਤਾਮੇ



ਰਾਕੀ ਨੂੰ ਨਵੇਂ ਬੂਟ ਪਾਇਆਂ ਅਜੇ ਦੋ ਦਿਨ ਹੀ ਹੋਏ ਸਨ। ਬੂਟ ਕਪੜੇ ਦੇ ਸਨ, ਕੌਂਟਰਾਈ ਦੇ। ਪਹਿਨਣ ਨੂੰ ਨਰਮ-ਨਰਮ। ਰਾਕੀ ਦੀ ਉਮਰ ਪੰਜ ਕੁ ਵਰ੍ਹਿਆਂ ਦੀ ਸੀ। ਨਵੇਂ ਬੂਟਾਂ ਦਾ ਉਸ ਨੂੰ ਬੜਾ ਚਾਅ ਸੀ।

ਤੀਜੇ ਦਿਨ ਰਾਕੀ ਕਹਿਣ ਲੱਗਾ, ਮੈਂ ਨਹੀਂ ਇਹ ਬੂਟ ਪਾਉਣੇ।

ਮਾਂ ਪੁੱਛਣ ਲੱਗੀ ਕੀ ਗੱਲ ਐ? ਨਵੇਂ ਤਾਂ ਲੈ ਕੇ ਦਿੱਤੇ ਐ।

"ਬਸ ਮੈਂ ਨਹੀਂ ਪਾਉਣੇ।"

"ਅੱਛਾ, ਦਫਾ ਹੋ। ਮੈਂ ਤੈਨੂੰ ਹੁਣ ਬੂਟ ਕਦੇ ਵੀ ਨਹੀਂ ਲੈ ਕੇ ਦੇਣੇ। ਜਦੋਂ ਤੇਰੇ ਪੈਰਾਂ ਨੂੰ ਠੰਢ ਲੱਗੂ, ਉਦੋਂ ਪਤਾ ਚੱਲੂ ਤੈਨੂੰ।"

ਰਾਕੀ ਨੇ ਗੁੱਸੇ ਵਿੱਚ ਬੂਟ ਕਮਰੇ ਵਿੱਚ ਲਕੋ ਦਿੱਤੇ। ਦਾਦੀ-ਮਾਂ ਨੇ ਰਾਕੀ ਨੂੰ ਬੂਟ ਲੱਭ ਕੇ ਲਿਆਉਣ ਲਈ ਪਰਚਾਇਆ। ਰਾਕੀ ਬੂਟ ਲੈ ਆਇਆ।

ਦਾਦੀ-ਮਾਂ ਨੇ ਬੂਟਾਂ ਨੂੰ ਚੰਗੀ ਤਰ੍ਹਾਂ ਵੇਖਿਆ।

ਅਸਲ ਵਿੱਚ ਬੂਟਾਂ ਦੇ ਪਤਾਮੇ ਅੰਦਰੋਂ ਅੱਗੇ ਤੋਂ ਇਕੱਠੇ ਹੋ ਗਏ ਸਨ। ਪਹਿਨਣ ਸਮੇਂ ਰਾਕੀ ਨੂੰ ਕਾਣਤ ਆਉਂਦੀ ਸੀ ਪਰ ਉਹ ਮਾਂ ਤੋਂ ਡਰਦਾ ਕਿਵੇਂ ਦੱਸੇ।

ਦਾਦੀ-ਮਾਂ ਨੇ ਸਾਰੀ ਗੱਲ ਸਮਝ ਲਈ। ਉਸ ਨੇ ਮੋਚੀ ਤੋਂ ਬੂਟਾਂ ਵਿੱਚ ਪਤਾਮੇ ਹੀ ਨਵੇਂ ਪੁਆ ਦਿੱਤੇ।

"ਲੈ ਪੁੱਤਰ ਰਾਕੀ, ਹੁਣ ਬੂਟ ਪਾ ਕੇ ਵੇਖ", ਦਾਦੀ-ਮਾਂ ਨੇ ਬੜੇ ਪਿਆਰ ਨਾਲ ਆਖਿਆ।

ਰਾਕੀ ਬੂਟ ਪਾ ਕੇ ਖੁਸ਼ ਹੋ ਗਿਆ ਤੇ ਆਪਣੇ ਸਾਥੀਆਂ ਨਾਲ ਪਾਰਕ ਵਿੱਚ ਖੇਡਣ ਲਈ ਭੱਜ ਗਿਆ।

ਗੱਲ ਤਾਂ ਨਰਮ ਪੈਰਾਂ ਲਈ ਪਤਾਮਿਆਂ ਦੀ ਸੀ।

❖ ❖ ❖

7

# ਖਿੜਕੀ ਖੋਲ੍ਹ ਦਿਓ



ਕਮਰੇ ਵਿੱਚ ਡੇਢ ਕੁ ਸਾਲ ਦਾ ਬੱਚਾ ਰੋਈ ਜਾ ਰਿਹਾ ਸੀ। ਚੁੱਪ ਨਹੀਂ ਸੀ ਹੋ ਰਿਹਾ। ਪਤੀ-ਪਤਨੀ ਨੇ ਬੜੀ ਕੋਸ਼ਿਸ਼ ਕੀਤੀ। ਕਦੇ ਬੱਚੇ ਨੂੰ ਪੀਣ ਨੂੰ ਦੁੱਧ ਦੇਣ, ਕਦੇ ਕੁਝ-ਕਦੇ ਕੁਝ। ਉਹ ਸੋਚਣ ਮਤੇ ਭੁੱਖ ਕਾਰਨ ਰੋ ਰਿਹਾ ਹੈ। ਕਦੇ ਪਰਚਾਉਣ ਲਈ ਖਿਡੌਣੇ ਦੇਣ। ਗੋਦੀ ਚੁੱਕ ਕੇ ਪਰਚਾਉਣ ਦੀ ਕੋਸ਼ਿਸ਼ ਵੀ ਕੀਤੀ। ਪਰ ਬੱਚਾ ਰੋਣੋਂ ਨਾ ਹਟੇ।

ਪਤੀ-ਪਤਨੀ ਬਹੁਤ ਵਿਆਕੁਲ ਹੋ ਰਹੇ ਸਨ। ਸੋਚਣ, ਕੋਈ ਤਕਲੀਫ਼ ਹੈ। ਢਿੱਡ ਨਾ ਦੁਖਦਾ ਹੋਵੇ। ਮਾਊਂ ਨਾ ਲੜਦੇ ਹੋਣ। ਬੱਚਾ ਜਿਵੇਂ ਰੋਣ ਤੋਂ ਹਟਣ ਦਾ ਨਾਂ ਨਹੀਂ ਸੀ ਲੈ ਰਿਹਾ। ਕਈ ਔਹੜ-ਪੌਹੜ ਕੀਤੇ ਪਰੰਤੂ ਕੋਈ ਫਰਕ ਨਾ ਪਿਆ। ਡਾਕਟਰ ਕੋਲ ਜਾਣ ਦੀ ਸਲਾਹ ਵੀ ਕੀਤੀ ਪਰੰਤੂ ਏਦਾਂ ਦੀ ਤਾਂ ਕੋਈ ਤਕਲੀਫ਼ ਨਜ਼ਰ ਨਹੀਂ ਸੀ ਆ ਰਹੀ।

ਬੱਚਾ ਬੋਲ ਕੇ ਤਕਲੀਫ਼ ਵੀ ਨਹੀਂ ਸੀ ਦੱਸ ਸਕਦਾ, ਅਜੇ ਤਾਂ ਉਸ ਨੇ ਬੋਲਣਾ ਸਿੱਖਿਆ ਹੀ ਨਹੀਂ ਸੀ।

ਆਖ਼ਰ ਪਤੀ-ਪਤਨੀ ਨੇ ਸੋਚਿਆ, ਚਲੋ ਗੁਆਂਢੀ ਬਜ਼ੁਰਗ ਦੀ ਸਲਾਹ ਲੈਂਦੇ ਹਾਂ। ਉਸ ਨੂੰ ਬਾਲ-ਮਨੋਵਿਗਿਆਨ ਦਾ ਚੰਗਾ ਤਜਰਬਾ ਸੀ। "ਚਲੋ, ਮੈਂ ਵੇਖਦਾਂ ਕੀ ਗੱਲ ਹੈ," ਬਜ਼ੁਰਗ ਨਾਲ ਹੀ ਹੋ ਤੁਰਿਆ। ਬਜ਼ੁਰਗ ਬੜਾ ਸੂਝਵਾਨ ਸੀ। ਕਮਰੇ ਵਿੱਚ ਉਸ ਨੇ ਝਾਤੀ ਮਾਰੀ, ਰੋਂਦੇ ਬੱਚੇ ਨੂੰ ਸਸਲਾਉਣ ਦੀ ਕੋਸ਼ਿਸ਼ ਕੀਤੀ। ਉਹ ਪੁੱਛਣ ਲੱਗਾ, ਬੱਚੇ ਦੇ ਕੱਪੜੇ ਤਾਂ ਨਹੀਂ ਬਦਲੇ। ਖਿਡੌਣੇ ਤਾਂ ਨਹੀਂ ਬਦਲੇ। ਕਮਰੇ 'ਚ ਕੋਈ ਚੀਜ਼ ਘੱਟ-ਵੱਧ ਤਾਂ ਨਹੀਂ ਕੀਤੀ। ਖਾਣ-ਪੀਣ 'ਚ ਕੋਈ ਤਬਦੀਲੀ ਤਾਂ ਨਹੀਂ ਕੀਤੀ। ਸਭ ਕੁਝ ਪਹਿਲਾਂ ਵਾਂਗ ਹੀ ਸੀ।

"ਕੋਈ ਹੋਰ ਤਬਦੀਲੀ ਕਮਰੇ 'ਚ ਕੀਤੀ ਹੋਵੇ।"

ਪਤਨੀ ਕਹਿਣ ਲੱਗੀ- ਹਾਂ-ਹਾਂ, ਮੈਂ ਸਵੇਰੇ ਬੱਚੇ ਦੇ ਸਿਰਹਾਣੇ ਵਾਲੇ ਪਾਸੇ ਦੀ ਖਿੜਕੀ ਬੰਦ ਕਰ ਦਿੱਤੀ ਸੀ। ਬਜ਼ੁਰਗ ਨੇ ਕਿਹਾ, "ਖਿੜਕੀ ਖੋਲ੍ਹ ਦਿਓ।"

ਅਸਲ ਵਿੱਚ ਖਿੜਕੀ ਰਾਹੀਂ ਕਮਰੇ 'ਚ ਤਾਜ਼ੀ ਹਵਾ ਆਉਂਦੀ ਸੀ। ਨੇੜੇ ਦੇ ਰੁੱਖਾਂ ਦੇ ਪੱਤਰ ਹਿਲਦੇ ਦਿਖਾਈ ਦੇਂਦੇ ਸਨ। ਪੰਛੀਆਂ ਦੀਆਂ ਆਵਾਜ਼ਾਂ ਸੁਣਾਈ ਦੇਂਦੀਆਂ ਸਨ। ਕਮਰੇ ਤੋਂ ਬਾਹਰਲਾ ਵਾਤਾਵਰਨ ਸੁਖਾਵਾਂ ਲਗਦਾ ਸੀ। ਬੱਚੇ ਦਾ ਉਸ ਨਾਲ ਲਗਾਓ ਸੀ। ਕੁਝ ਮਿੰਟਾਂ ਵਿੱਚ ਹੀ ਬੱਚਾ ਸੌਖਾ-ਸੌਖਾ ਮਹਿਸੂਸ ਕਰਨ ਲੱਗਾ। ਉਸ ਦਾ ਬਾਹਰਲੇ ਆਲੇ-ਦੁਆਲੇ ਨਾਲ ਸੰਪਰਕ ਜੁੜ ਗਿਆ। ਬੱਚਾ ਰੋਣ ਤੋਂ ਹਟ ਗਿਆ। ਸਾਰੇ ਹੈਰਾਨ ਸਨ। ਗੱਲ ਤਾਂ ਖਿੜਕੀ ਖੋਲ੍ਹਣ ਦੀ ਸੀ।

❖ ❖ ❖

# 8

## ਖੇਡਣ ਦਾ ਚਾਅ



ਲਾਡੀ ਸਾਹਮਣੇ ਵਾਲੀ ਪਾਰਕ ਵਿੱਚ ਜਾਂਦਾ ਹੈ। ਤੀਜੇ ਪਹਿਰ ਦਾ ਵੇਲਾ ਹੈ। ਪਾਰਕ 'ਚ ਉਸ ਤੋਂ ਵੱਡੀ ਉਮਰ ਦੇ ਬੱਚੇ ਫੁੱਟਬਾਲ ਨਾਲ ਖੇਡ ਰਹੇ ਹਨ। ਉਹ ਆਪਣੀ ਖੇਡ 'ਚ ਮਸਤ ਹਨ। ਖ਼ੂਬ ਰੌਲਾ ਪਾਉਂਦੇ ਹਨ।

ਲਾਡੀ ਦਾ ਜੀਅ ਵੀ ਫੁੱਟਬਾਲ ਨਾਲ ਖੇਡਣ ਨੂੰ ਕਰਦਾ ਹੈ। ਪਾਰਕ 'ਚ ਖੜਾ ਉਹ ਖੇਡਦਿਆਂ ਨੂੰ ਵੇਖੀ ਜਾ ਰਿਹਾ ਹੈ। ਕਦੇ-ਕਦੇ ਕੋਲ ਆਈ ਫੁੱਟਬਾਲ ਨੂੰ ਕਿੱਕ ਮਾਰਨ ਦੀ ਕੋਸ਼ਿਸ਼ ਕਰਦਾ ਹੈ, ਪਰੰਤੂ ਵੱਡੇ ਬੱਚੇ ਉਸ ਤੋਂ ਪਹਿਲਾਂ ਹੀ ਫੁੱਟਬਾਲ ਨੂੰ ਕਿੱਕ ਮਾਰ ਉਛਾਲ ਦੇਂਦੇ ਹਨ। ਲਾਡੀ ਦੀ ਨਜ਼ਰ ਫੁੱਟਬਾਲ ਨਾਲ ਦੌੜਨ ਲਗਦੀ ਹੈ। ਪਰ ਉਦਾਸ ਹੋ ਜਾਂਦਾ ਹੈ।

ਕੋਈ ਉਸ ਨੂੰ ਖੇਡ ਵਿੱਚ ਨਹੀਂ ਰਲਾਉਂਦਾ। ਖੜਾ-ਖੜਾ ਹੀ ਧਰਤੀ 'ਤੇ ਪੈਰ ਮਾਰੀ ਜਾਂਦਾ ਹੈ।

ਦੂਰ ਖੜੇ ਲਾਡੀ ਦੇ ਦਾਦਾ ਜੀ ਸਭ ਕੁਝ ਵੇਖ ਰਹੇ ਹਨ। ਉਹ ਲਾਡੀ ਨੂੰ ਆਪਣੇ ਕੋਲ ਸੱਦ ਲੈਂਦੇ ਹਨ।

ਬਜ਼ਾਰੋਂ ਲਾਡੀ ਨੂੰ ਉਸ ਦੇ ਮਨ-ਪਸੰਦ ਦੀ ਫੁੱਟਬਾਲ ਖਰੀਦ ਕੇ ਲੈ ਦੇਂਦੇ ਹਨ।

ਅਗਲੇ ਦਿਨ ਲਾਡੀ ਆਪਣੀ ਨਵੀਂ ਫੁੱਟਬਾਲ ਨਾਲ ਆਪਣੇ ਹਾਣੀ-ਸਾਥੀਆਂ ਨਾਲ ਖੇਡਣ ਲਗਦਾ ਹੈ। ਨਿੱਕੇ-ਨਿੱਕੇ ਪੈਰਾਂ ਨਾਲ ਫੁੱਟਬਾਲ ਇੱਧਰ-ਉੱਧਰ ਦੌੜਦੀ ਹੈ। ਬੱਚੇ ਖ਼ੁਸ਼ੀ 'ਚ ਰੌਲਾ ਪਾਉਂਦੇ ਹਨ।

ਲਾਡੀ ਨੂੰ ਪਾਰਕ ਹੋਰ ਵੀ ਚੰਗੀ-ਚੰਗੀ ਲੱਗਣ ਲਗ ਪੈਂਦੀ ਹੈ।

❖ ❖ ❖

# 9

## ਭਰੇ ਹੋਏ ਦੁੱਧ ਦਾ ਕੱਪ



ਮਾਂ ਚਾਹੁੰਦੀ ਹੈ ਕਿ ਮੇਰਾ ਪੰਜ ਸਾਲ ਦਾ ਬੱਚਾ (ਸੁਹੇਲ) ਛੇਤੀ-ਛੇਤੀ ਵੱਡਾ ਹੋ ਜਾਵੇ। ਦੂਜਿਆਂ ਬੱਚਿਆਂ ਤੋਂ ਤਕੜਾ। ਉਹ ਉਸ ਨੂੰ ਹਰ ਰੋਜ਼ ਇੱਕ ਵੱਡਾ ਕੱਪ ਦੁੱਧ ਦਾ ਭਰ ਕੇ ਪਿਆਉਣਾ ਚਾਹੁੰਦੀ ਹੈ। ਸੁਹੇਲ ਡਰ ਦਾ ਮਾਰਿਆ ਕੱਪ ਪਕੜ ਲੈਂਦਾ ਹੈ। ਇੱਧਰ-ਉੱਧਰ ਵੇਖਦਾ ਹੈ। ਉਸ ਨੂੰ ਏਨਾ ਦੁੱਧ ਪੀਣਾ ਔਖਾ ਲਗਦਾ ਹੈ। ਉਹ ਸੋਚਣ ਲਗਦਾ ਹੈ ਕਿ ਦੁੱਧ

ਡੋਲ੍ਹ ਹੀ ਦੇਵਾਂ ਪਰ ਮਾਂ ਦੀ ਕੁੱਟ ਤੋਂ ਡਰਦਾ ਹੈ। ਅਸਲ ਵਿੱਚ ਉਹ ਏਨਾ ਦੁੱਧ ਇੱਕੋ ਵੇਲੇ ਕਿਵੇਂ ਪੀਵੇ ? ਪਰ ਉਸ ਦੀ ਕੌਣ ਸੁਣੇ ?

ਸੁਹੇਲ ਨੂੰ ਦੁੱਧ ਵੇਖ ਕੇ ਉਲਟੀ ਵੀ ਆਉਣ ਲਗਦੀ ਹੈ ਪਰ ਬਚਾਅ ਹੋ ਜਾਂਦਾ ਹੈ।

"ਪੀ-ਪੀ ਨਹੀਂ ਤਾਂ ਤੇਰੀ ਛਿੱਤਰ ਪਰੇਡ ਹੋਵੇਗੀ," ਮਾਂ ਚਿਲਾਉਂਦੀ ਹੈ।

ਸੁਹੇਲ ਦੁੱਧ ਪੀਣ ਲਗਦਾ ਹੈ। ਹੱਥੋਂ ਕੱਪ ਡਿਗਣ ਤੋਂ ਵੀ ਡਰਦਾ ਹੈ। ਪਰ ਪੂਰਾ ਕੱਪ ਖਤਮ ਕਿਵੇਂ ਹੋਵੇ। ਉਸ ਦੀਆਂ ਅੱਖਾਂ ਵਿੱਚ ਤਰਲਾ ਹੈ। ਦੁੱਧ ਪੀਣਾ ਉਸ ਨੂੰ ਸਜ਼ਾ ਲਗਦੀ ਹੈ।

ਏਨੇ ਨੂੰ ਦਾਦਾ ਜੀ ਆ ਜਾਂਦੇ ਹਨ। ਉਹ ਸੁਹੇਲ ਦੀ ਅਵਸਥਾ ਨੂੰ ਸਮਝ ਜਾਂਦੇ ਹਨ। ਉਹ ਸੁਹੇਲ ਤੋਂ ਕੱਪ ਫੜ ਕੇ, ਅੱਧਾ ਦੁੱਧ ਇਕ ਹੋਰ ਕੱਪ ਵਿੱਚ ਪਾ ਦਿੰਦੇ ਹਨ ਤੇ ਲਾਡ ਨਾਲ ਬਾਕੀ ਦੁੱਧ ਪੀਣ ਨੂੰ ਕਹਿੰਦੇ ਹਨ। ਸੁਹੇਲ ਕੱਪ ਫੜ ਕੇ ਦੁੱਧ ਪੀ ਲੈਂਦਾ ਹੈ। ਦਾਦਾ ਜੀ ਉਸ ਨੂੰ ਵਿਹੜੇ 'ਚ ਖੇਡਣ ਨੂੰ ਕਹਿ ਦਿੰਦੇ ਹਨ। ਕੁਝ ਚਿਰ ਪਿੱਛੋਂ ਦਾਦਾ ਜੀ ਦੂਸਰਾ ਕੱਪ ਪੀਣ ਨੂੰ ਕਹਿੰਦੇ ਹਨ। ਸੁਹੇਲ ਖ਼ੁਸ਼ੀ-ਖ਼ੁਸ਼ੀ ਸਾਰਾ ਦੁੱਧ ਪੀ ਲੈਂਦਾ ਹੈ। "ਸ਼ਾਬਾਸ਼, ਸੁਹੇਲ ਪੁੱਤਰ", ਦਾਦਾ ਜੀ ਦੇ ਮੂੰਹੋਂ ਨਿਕਲਦਾ ਹੈ।

❖ ❖ ❖

# 10

## ਚਮਚੇ ਦੀ ਥਾਂ ਕੌਲੀ



ਹਰਮਨ ਢਾਈ ਸਾਲਾਂ ਦਾ ਹੋ ਗਿਆ ਸੀ। ਘਰ ਵਿੱਚ ਰੌਣਕ ਹੋ ਗਈ ਸੀ। ਮਾਤਾ-ਪਿਤਾ ਬਹੁਤ ਖ਼ੁਸ਼ ਸਨ। ਹਰਮਨ ਆਪਣੇ ਦਾਦਾ-ਦਾਦੀ ਨੂੰ ਵੀ ਬੜਾ ਪਿਆਰਾ ਸੀ। ਉਸ ਦੇ ਜਨਮ-ਦਿਨ 'ਤੇ ਖ਼ੂਬ ਖੁਸ਼ੀਆਂ ਮਨਾਈਆਂ। ਨਾਮ ਵੀ ਤਦੇ 'ਹਰਮਨ' ਰੱਖਿਆ ਗਿਆ।

ਹੁਣ ਹਰਮਨ ਕਈ ਦਿਨਾਂ ਤੋਂ ਬਿਮਾਰ ਸੀ। ਬੁਖ਼ਾਰ ਤੇ ਖੰਘ ਨਾਲ ਵਿਆਕੁਲ ਸੀ। ਮਾਪਿਆਂ ਨੂੰ ਚਿੰਤਾ ਸੀ ਕਿ ਛੇਤੀ ਠੀਕ ਹੋ ਜਾਵੇ। ਬੱਚਿਆਂ ਦੇ ਮਾਹਰ ਡਾਕਟਰ ਤੋਂ ਦਵਾਈ ਸ਼ੁਰੂ ਕੀਤੀ ਹੋਈ ਸੀ। ਡਾਕਟਰ ਨੇ ਬੋਤਲ ਨਾਲੋਂ, ਚਾਹ ਤੇ ਦੁੱਧ ਕੌਲੀ ਨਾਲ ਪਿਲਾਉਣ ਦੀ ਸਲਾਹ ਦਿੱਤੀ। ਪੀਣ ਵਾਲੀ ਦਵਾਈ ਚਮਚੇ ਰਾਹੀਂ ਮਿਣਤੀ ਅਨੁਸਾਰ ਦਿਨ ਵਿੱਚ ਤਿੰਨ-ਚਾਰ ਵਾਰ ਪਿਲਾਉਣ ਲਈ ਕਿਹਾ। ਬੁਖ਼ਾਰ ਤੋਂ ਠੰਢੇ ਪਾਣੀ ਦੀਆਂ ਪੱਟੀਆਂ ਦੀ ਵਰਤੋਂ ਲਈ ਵੀ ਕਿਹਾ।


ਹਰਮਨ ਦੀ ਮੰਮੀ ਉਸ ਨੂੰ ਦਵਾਈ ਚਮਚੇ ਨਾਲ ਪਿਲਾਉਣ ਦੀ ਕੋਸ਼ਿਸ਼ ਕਰਨ ਲੱਗੀ। ਪਰੰਤੂ ਹਰਮਨ ਹਰ ਵਾਰੀ ਮੂੰਹ ਦੂਜੇ ਪਾਸੇ ਕਰ ਲਵੇ। ਤੰਗ ਆਇਆ ਰੋਣ ਲੱਗ ਪਵੇ। ਚਮਚੇ 'ਚੋਂ ਦਵਾਈ ਡੁਲ੍ਹਣ ਤੋਂ ਵੀ ਕਈ ਵਾਰ ਬਚੀ। ਆਖ਼ਰ ਦਵਾਈ ਪਿਲਾਉਣ ਨਾਲ ਹੀ ਅਰਾਮ ਆਉਣਾ ਸੀ। ਬੱਚੇ ਦੀ ਜ਼ਿੱਦ ਤਾਂ ਜ਼ਿੱਦ ਹੁੰਦੀ। ਕੌਣ ਮਨਾਵੇ ਉਸ ਨੂੰ। ਮੰਮੀ ਬੇਬਸ ਸੀ। ਕਦੇ ਝਿੜਕੇ ਤੇ ਕਦੀ ਮਨਾਵੇ।

ਦੂਰ ਬੈਠਾ ਹਰਮਨ ਦਾ ਦਾਦਾ ਕਹਿਣ ਲੱਗਾ, "ਧੀਏ, ਇਸ ਨੂੰ ਦਵਾਈ ਕੌਲੀ 'ਚ ਪਾ ਕੇ ਪਿਲਾ। ਦੁੱਧ ਸਮਝ ਕੇ ਪੀਲੂਗਾ। ਚਮਚੇ ਵਿੱਚ ਤਾਂ ਦਵਾਈ ਸਮਝਦਾ ਹੋਣੈਂ।" ਮੰਮੀ ਨੂੰ ਵੀ ਗੱਲ ਸਮਝ ਆ ਗਈ। ਦੋਵੇਂ ਹੱਥਾਂ ਨਾਲ ਕੌਲੀ ਫੜ ਕੇ ਹਰਮਨ ਨੇ ਦਵਾਈ ਪੀ ਲਈ। ਮੰਮੀ ਨੂੰ ਸੁੱਖ ਦਾ ਸਾਹ ਆਇਆ। "ਭਲਿਓ, ਨਿਆਣਾ ਤਾਂ ਸਾਡੇ ਨਾਲੋਂ ਸਿਆਣਾ ਹੁੰਦਾ," ਬਜ਼ੁਰਗ ਦੇ ਬੋਲ ਸਨ।

❖ ❖ ❖

# 11

## ਪਸੰਦ



'ਖ਼ੁਸ਼ਪ੍ਰੀਤ' ਤਿੰਨ ਸਾਲ ਦੀ ਹੋ ਗਈ ਸੀ।

'ਜ਼ਸਨ' ਉਸ ਦਾ ਭਰਾ ਚਾਰ ਸਾਲ ਵੱਡਾ ਸੀ। ਦੋਵੇਂ ਭੈਣ-ਭਰਾ ਖ਼ੂਬ ਖੇਡਦੇ। ਝਾਟਮ-ਝੀਟੀ ਵੀ ਹੁੰਦੇ, ਪਰੰਤੂ ਖ਼ੁਸ਼ਪ੍ਰੀਤ ਆਪਣਾ ਹੱਕ ਖ਼ੂਬ ਜਮਾਉਂਦੀ। ਉਹ ਚੰਚਲ ਵੀ ਬਹੁਤ

ਸੀ। ਆਪਣੀ ਮੰਮੀ ਦੀ ਲਾਡਲੀ ਤੇ ਪਿਉ ਨੂੰ ਬਹੁਤ ਪਿਆਰੀ।

ਟੀ.ਵੀ. 'ਤੇ ਨਾਚ-ਗਾਣੇ ਸੁਣਦੀ। ਬੜੀ-ਗੌਹ ਨਾਲ ਵੇਖਦੀ ਤੇ ਆਪ ਵੀ ਨਕਲਾਂ ਕਰ ਕੇ ਨੱਚਣ ਲਗਦੀ। ਅਦਾਵਾਂ ਕਰ ਕੇ ਹੈਰਾਨ ਕਰ ਦਿੰਦੀ। ਦੂਜੇ ਬੱਚੇ ਵੀ ਘਰ ਆਏ, ਉਸ ਨੂੰ 'ਖ਼ੁਸ਼ੀ'-'ਖ਼ੁਸ਼ੀ' ਕਹਿ ਕੇ ਮਨ-ਪ੍ਰਚਾਵਾ ਕਰਦੇ। ਉਹ ਹੋਰ ਵੀ ਮਸਤ ਜਾਂਦੀ।

ਖ਼ੁਸ਼ਪ੍ਰੀਤ ਦਾ ਅੱਜ ਤੀਜਾ ਜਨਮ-ਦਿਵਸ ਸੀ। ਉਸ ਨੂੰ ਆਪਣਾ 'ਹੈਪੀ-ਡੇ' ਮਨਾਉਣ ਦਾ ਚਾਅ ਸੀ। ਉਸ ਦੀ ਮੰਮੀ ਨੇ ਟਾਫ਼ੀਆਂ ਮੰਗਵਾਈਆਂ। ਇੱਕ ਛੋਟਾ ਜਿਹਾ ਕੇਕ ਵੀ ਖਰੀਦਿਆ। ਕੁਝ ਖਿਡੌਣੇ ਖਰੀਦੇ ਤੇ ਮਿਠਾਈ ਦਾ ਡੱਬਾ ਵੀ। ਕਮਰੇ ਨੂੰ ਫੁੱਲ-ਲੜੀਆਂ ਅਤੇ ਗੁਬਾਰਿਆਂ ਨਾਲ ਵੀ ਸਜਾਇਆ।

ਖ਼ੁਸ਼ਪ੍ਰੀਤ ਨੂੰ ਉਸ ਦੀ ਮੰਮੀ ਆਪਣੀ ਪਸੰਦ ਦੀ ਨਵੀਂ ਫਰਾਕ ਵੀ ਦੇਣੀ ਚਾਹੁੰਦੀ ਸੀ। ਰਿਬਨਾਂ ਤੇ ਕਈ ਹੋਰ ਤੋਹਫ਼ੇ ਵੀ ਖਰੀਦੇ। ਖ਼ੁਸ਼ਪ੍ਰੀਤ ਦੀ ਮੰਮੀ ਤੇ ਉਸ ਦਾ ਪਿਉ, ਉਸ ਨੂੰ ਰੈਡੀ-ਮੇਡ ਕਪੜਿਆਂ ਦੀ ਦੁਕਾਨ 'ਤੇ ਲੈ ਗਏ। ਉੱਥੇ ਬੱਚਿਆਂ ਲਈ ਚੰਗੇ ਰੈਡੀ-ਮੇਡ ਕਪੜੇ ਮਿਲਦੇ ਸਨ। ਦੁਕਾਨ ਵਾਹਵਾ ਚੰਗੀ ਸੀ।

ਦੁਕਾਨਦਾਰ ਨੇ ਕਿੰਨੀਆਂ ਹੀ ਡਿਜ਼ਾਈਨਦਾਰ ਫਰਾਕਾਂ ਵਿਖਾਈਆਂ। ਉਸ ਦੀ ਮੰਮੀ ਉਸ ਨੂੰ ਵਾਰ-ਵਾਰ ਆਪਣੀ ਪਸੰਦ ਦੀ ਫਰਾਕ ਉਸ ਦੇ ਲਾ-ਲਾ ਕੇ ਕਹੀ ਜਾਵੇ। "ਖ਼ੁਸ਼ਪ੍ਰੀਤ, ਆ ਵੇਖ, ਕਿੰਨੀ ਸੋਹਣੀ ਹੈ।" ਪਰ ਖ਼ੁਸ਼ਪ੍ਰੀਤ ਹਰ ਵਾਰੀ ਸਿਰ ਮਾਰੀ ਜਾਵੇ। ਫਰਾਕਾਂ ਨੂੰ ਹੱਥਾਂ ਨਾਲ ਪਰ੍ਹਾਂ ਕਰੀ ਜਾਵੇ। ਉਸ ਨੂੰ ਪਸੰਦ ਹੀ ਨਾ ਆਵੇ। ਉਸ ਦੀ ਮੰਮੀ ਨੂੰ ਗੁੱਸਾ ਵੀ ਆਵੇ। ਪਿਉ ਚੁੱਪ ਕਰ ਕੇ ਖੜਾ ਦੇਖੀ ਜਾਵੇ। ਫਰਾਕ ਤਾਂ ਆਖ਼ਰ ਲੈਣੀ ਹੀ ਸੀ। ਦੁਕਾਨਦਾਰ ਬੜਾ ਸਮਝਦਾਰ ਸੀ। ਉਸ ਨੇ ਖ਼ੁਸ਼ਪ੍ਰੀਤ ਨੂੰ ਗੋਦੀ ਚੁੱਕ ਕੇ, ਟੰਗੀਆਂ ਹੋਈਆਂ ਉਸ ਦੇ ਸਾਈਜ਼ ਦੀਆਂ ਫਰਾਕਾਂ ਵੱਲ ਇਸ਼ਾਰੇ ਕੀਤੇ। "ਦੱਸ, ਕਿਹੜੀ ਫਰਾਕ ਲੈਣੀ ਐਂ।" ਖ਼ੁਸ਼ਪ੍ਰੀਤ ਨੇ ਝੱਟ ਇੱਕ ਫੁੱਲਾਂ ਵਾਲੀ ਰੰਗਦਾਰ ਫਰਾਕ ਨੂੰ ਹੱਥ ਲਾਇਆ। "ਆਹ ਲੈਣੀ ਮੈਂ ਤਾਂ।" ਮਸਲਾ ਹੱਲ ਹੋ ਗਿਆ। ਗੱਲ ਤਾਂ ਆਪਣੀ ਪਸੰਦ ਦੀ ਸੀ।

❖ ❖ ❖

# 12

## ਨਾਨੀ ਦੀਆਂ ਅੱਡੀਆਂ



ਸ਼ਬੀਨਾ ਨੂੰ ਛੁੱਟੀਆਂ ਸਨ। ਉਹ ਆਪਣੀ ਨਾਨੀ ਦੇ ਘਰ ਆਈ ਹੋਈ ਸੀ। ਅੱਠਵੀਂ 'ਚ ਪੜ੍ਹਦੀ ਸੀ। ਨਾਨੀ ਨਾਲ ਉਸ ਦਾ ਬਹੁਤ ਮੋਹ ਸੀ। ਨਾਨੀ ਵੀ ਉਸ ਨੂੰ ਬਹੁਤ ਪਿਆਰ ਕਰਦੀ ਸੀ। ਕਥਾ-ਕਹਾਣੀਆਂ ਸੁਣਾਉਂਦੀ ਅਤੇ ਜੀਵਨ ਬਾਰੇ ਚੰਗੀਆਂ ਗੱਲਾਂ ਦੱਸਦੀ ਰਹਿੰਦੀ। ਦੋਵੇਂ ਖ਼ੂਬ ਹਸਦੀਆਂ ਤੇ ਖਾਣੇ ਦਾ ਅਨੰਦ ਵੀ ਮਾਣਦੀਆਂ।

ਸ਼ਬੀਨਾ ਨੂੰ ਨਾਨੀ ਕਹਿੰਦੀ ਰਹਿੰਦੀ ਕਿ ਪੈਰਾਂ ਦੀ ਸਾਂਭ-ਸੰਭਾਲ ਲਈ ਸਫ਼ਾਈ ਰੱਖਣੀ ਜ਼ਰੂਰੀ ਹੈ। ਨੰਗੇ ਪੈਰ ਗੰਦੇ ਹੋ ਜਾਂਦੇ ਹਨ, ਇਸ ਲਈ ਘਰ 'ਚ ਚੱਪਲੀਆਂ ਪਾ ਕੇ ਰੱਖਣੀਆਂ ਚਾਹੀਦੀਆਂ ਹਨ। ਸ਼ਬੀਨਾ ਚੱਪਲਾਂ ਪਾ ਕੇ ਰੱਖਦੀ।

ਸ਼ਬੀਨਾ ਨੇ ਵੇਖਿਆ ਕਿ ਨਾਨੀ ਤਾਂ ਘਰ ਰਹਿੰਦਿਆਂ ਕਪੜੇ ਦੀ ਵੈਲੀ ਪਾ ਕੇ ਰੱਖਦੀ ਹੈ ਤੇ ਮੈਨੂੰ ਚੱਪਲਾਂ ਪਾ ਕੇ ਰੱਖਣ ਲਈ ਕਹਿੰਦੀ ਰਹਿੰਦੀ।

ਆਖ਼ਰ ਉਸ ਨੇ ਨਾਨੀ ਨੂੰ ਪੁੱਛ ਹੀ ਲਿਆ, "ਨਾਨੀ, ਨਾਨੀ, ਤੁਸੀਂ ਕੱਪੜੇ ਦੀ ਵੈਲੀ ਕਿਉਂ ਪਾ ਕੇ ਰੱਖਦੇ ਹੋ?"


"ਬੇਟੀ, ਕੀ ਦੱਸਾਂ? ਮੇਰੀਆਂ ਅੱਡੀਆਂ ਨੂੰ ਚਮੜੀ ਦਾ ਰੋਗ (ਸਕਿੰਨ ਡਜ਼ੀਜ) ਐ। ਮਿੱਟੀ-ਘੱਟੇ ਤੋਂ ਬਚਾਉਣ ਲਈ, ਡਾਕਟਰ ਨੇ ਮੈਨੂੰ ਕਰੀਮ ਵੀ ਲਾਉਣ ਨੂੰ ਦਿੱਤੀ ਤੇ ਕਪੜੇ ਦੀ ਵੈਲੀ ਪਾ ਕੇ ਰੱਖਣ ਨੂੰ ਕਿਹਾ। ਹੁਣ ਮੈਨੂੰ ਆਰਾਮ ਹੈ।"

ਸ਼ਬੀਨਾ ਸਮਝ ਗਈ ਤੇ ਹਸਦੀ-ਹਸਦੀ ਕਹਿਣ ਲੱਗੀ ਕਿ ਨਾਨਾ ਜੀ ਨੇ ਨਵੀਂ ਕਪੜੇ ਦੀ ਵੈਲੀ, ਤੁਹਾਨੂੰ ਤਦੇ ਬਾਜ਼ਾਰੋਂ ਲਿਆ ਕੇ ਦਿੱਤੀ ਸੀ। ਇਹ ਸੁਣ ਕੇ ਨਾਨੀ ਵੀ ਮੁਸਕਰਾ ਪਈ।

❖ ❖ ❖

# 13

## ਤੱਤੀ ਤਵੀ



ਮੇਰਾ ਪੋਤਰਾ ਦਸ ਸਾਲ ਦਾ ਹੋ ਗਿਆ ਸੀ।

ਮੈਂ ਉਸ ਨੂੰ ਨੇੜੇ ਦੇ ਗੁਰਦੁਆਰਾ ਸਾਹਿਬ ਮੱਥਾ ਟਿਕਾਉਣ ਲੈ ਗਿਆ। ਦੁਪਹਿਰ ਦਾ ਸਮਾਂ ਸੀ ਤੇ ਜੂਨ ਦਾ ਮਹੀਨਾ ਸੀ।

ਅਸੀਂ ਸਕੂਟਰ ਤੋਂ ਉੱਤਰ ਕੇ ਗੁਰਦੁਆਰਾ ਸਾਹਿਬ ਦੇ ਪ੍ਰਵੇਸ਼ ਦੁਆਰਾ 'ਤੇ ਪੁੱਜ ਗਏ। ਪੌੜੀਆਂ ਚੜ੍ਹ ਕੇ ਅਸੀਂ ਅੰਦਰ ਮੱਥਾ ਟੇਕਣਾ ਸੀ। ਫਰਸ਼ ਦਾ ਪੱਥਰ ਪੂਰਾ ਗਰਮ ਸੀ। ਅਸੀਂ ਇੱਕ ਪਾਸੇ ਜੋੜੇ ਲਾਹ ਦਿੱਤੇ ਤੇ ਨੰਗੇ ਪੈਰੀਂ ਫਰਸ਼ 'ਤੇ ਤੁਰ ਪਏ। ਅਸੀਂ ਕੁਝ ਕਦਮ ਪੁੱਟੇ ਹੀ ਸਨ ਕਿ ਸਾਡੇ ਪੈਰ ਜਲਣ ਲੱਗੇ। ਪੋਤਰੇ ਦੇ ਨਰਮ ਪੈਰਾਂ ਵੱਲ ਤੱਕਦਿਆਂ ਮੇਰੇ ਮੂੰਹੋਂ ਨਿਕਲਿਆ, "ਬਲਕਰਨ ਪੁੱਤਰਾ, ਤੇਰੇ ਤਾਂ ਪੈਰ ਜਲ ਰਹੇ ਹੋਣੇ, ਫਰਸ਼ ਤਾਂ ਅੱਗ ਵਰਗਾ ਗਰਮ ਹੈ।"

ਬਲਕਰਨ ਨੇ ਝੱਟ ਉੱਤਰ ਦਿੱਤਾ, "ਦਾਰ ਜੀ, ਬਾਬਾ ਜੀ ਤਾਂ ਤੱਤੀ ਤਵੀ 'ਤੇ ਬੈਠ ਗਏ ਸਨ। ਉੱਤੋਂ ਰੇਤਾ ਵੀ ਗਰਮ ਪਾਇਆ ਗਿਆ ਸੀ। ਮੇਰੇ ਤਾਂ ਪੈਰ ਹੀ ਨੰਗੇ ਨੇ।"

ਬਲਕਰਨ ਦੇ ਉੱਤਰ ਨੇ ਮੈਨੂੰ ਝੰਜੋੜ ਦਿੱਤਾ ਤੇ ਗਰਮ ਫਰਸ਼ ਮੈਨੂੰ ਭੁੱਲ ਗਿਆ।

❖ ❖ ❖

# 14

## ਫੁੱਲਾਂ 'ਤੇ ਡਿੱਗੇ ਅੱਥਰੂ



ਛੁੱਟੀ ਦਾ ਦਿਨ ਸੀ। ਖ਼ੁਸ਼ਹਾਲ ਨੂੰ ਫੁੱਟਬਾਲ ਖੇਡਣ ਦਾ ਸ਼ੌਕ ਸੀ। ਅੱਠਵੀਂ ਸ਼੍ਰੇਣੀ ਦੀ ਟੀਮ ਦਾ ਗੋਲ ਕੀਪਰ ਸੀ।

ਉਸ ਦੇ ਜਨਮ-ਦਿਨ 'ਤੇ ਪਿਛਲੇ ਮਹੀਨੇ, ਉਸ ਦੇ ਮਾਮਾ ਜੀ ਨੇ ਖ਼ੁਸ਼ਹਾਲ ਨੂੰ ਇੱਕ

ਛੋਟੀ ਫੁੱਟਬਾਲ ਤੋਹਫੇ ਵੱਜੋਂ ਦਿੱਤੀ ਸੀ, ਜੋ ਉਸ ਨੂੰ ਬੜੀ ਪਸੰਦ ਸੀ।

ਛੁੱਟੀ ਕਾਰਨ ਖ਼ੁਸ਼ਹਾਲ ਫੁੱਟਬਾਲ ਲੈ ਕੇ ਕੋਠੀ ਦੇ ਪਿਛਲੇ ਵਿਹੜੇ ਵਿੱਚ ਖੇਡਣ ਲੱਗ ਪਿਆ। ਲੱਗਾ ਖ਼ੂਬ ਕਿੱਕਾਂ ਮਾਰਨ।

ਅਵਾਜ਼ ਸੁਣ ਕੇ ਉਸ ਦੀ ਮੰਮੀ ਨੇ ਉਸ ਨੂੰ ਫੁੱਟਬਾਲ ਖੇਡਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ।

"ਬਾਹਰ ਪਾਰਕ ਵਾਲੇ ਮੈਦਾਨ ਵਿੱਚ ਖੇਡ ਲੈ। ਜੇ ਤੂੰ ਮੇਰੇ ਆਖੇ ਨਹੀਂ ਲੱਗਣਾ, ਤਾਂ ਤੇਰੀ ਮਰਜ਼ੀ। ਕੋਠੀ ਦਾ ਕੋਈ ਸ਼ੀਸ਼ਾ ਟੁੱਟ ਜਾਵੇਗਾ। ਹੋਰ ਨੁਕਸਾਨ ਹੋ ਜਾਊਗਾ।" ਰਸੋਈ ਵਿੱਚ ਕੰਮ ਕਰਦੀ ਉਸ ਦੀ ਮੰਮੀ ਬਥੇਰਾ ਕਹਿੰਦੀ ਰਹੀ।


ਪਰ ਖ਼ੁਸ਼ਹਾਲ ਮੰਮੀ ਦੀ ਗੱਲ ਸੁਣ ਨਹੀਂ ਸੀ ਰਿਹਾ।

ਵਿਹੜੇ 'ਚ ਖੜਾਕ ਹੋਇਆ। ਧੜੰਮ ਕਰਦਾ ਮਮਟੀ ਤੋਂ ਫੁੱਲਾਂ ਵਾਲਾ ਗਮਲਾ ਥੱਲੇ ਡਿੱਗ ਕੇ ਕੀਚਰ-ਕੀਚਰ ਹੋ ਗਿਆ ਤੇ ਗੇਂਦੇ ਦੇ ਫੁੱਲ ਟੁੱਟ ਗਏ। ਕੁਝ ਦਿਨ ਪਹਿਲਾਂ ਹੀ ਖ਼ੁਸ਼ਹਾਲ ਤੇ ਉਸ ਦੇ ਪਾਪਾ ਨੇ ਨਰਸਰੀ ਤੋਂ ਬੂਟੇ ਲਿਆ ਕੇ ਸਜਾਏ ਸਨ। ਫੁੱਟਬਾਲ ਪਰ੍ਹੇ ਪਈ ਸੀ ਤੇ ਖ਼ੁਸ਼ਹਾਲ ਪਛਤਾ ਰਿਹਾ ਸੀ। ਉਸ ਦੀਆਂ ਅੱਖਾਂ 'ਚੋਂ ਡਿੱਗੇ ਅੱਥਰੂ ਜਿਵੇਂ ਫੁੱਲਾਂ ਤੋਂ ਮੁਆਫ਼ੀ ਮੰਗ ਰਹੇ ਹੋਣ।

❖ ❖ ❖

# 15

## ਤ੍ਰੇਹ



ਤੀਜੇ ਪਹਿਰ ਦਾ ਸਮਾਂ ਸੀ। ਗਰਮੀ ਦਾ ਮਹੀਨਾ ਸੀ। ਅਜੇ ਵੀ ਗਰਮੀ ਪੂਰੀ ਸੀ। ਗੁਲਪ੍ਰੀਤ ਤੇ ਉਸ ਦੇ ਪਾਪਾ ਵਰਾਂਡੇ ਵਿੱਚ ਬੈਠੇ ਸਨ। ਗੁਲਪ੍ਰੀਤ ਪੰਜਵੀਂ ਸ਼੍ਰੇਣੀ 'ਚ ਪੜ੍ਹਦਾ ਸੀ ਤੇ ਉਹ ਆਪਣਾ ਸਕੂਲ ਦਾ ਕੰਮ ਕਰ ਰਿਹਾ ਸੀ। ਉਸ ਦੇ ਪਾਪਾ ਕਿਤਾਬ ਪੜ੍ਹਨ ਵਿੱਚ ਲੀਨ ਸਨ।

ਗੇਟ ਦੀ ਘੰਟੀ ਵੱਜੀ। ਗੁਲਪ੍ਰੀਤ ਨੇ ਵੇਖਿਆ ਕਿ ਗਲੀ ਦੀ ਸਫ਼ਾਈ ਕਰਨ ਵਾਲਾ ਸੇਵਾਦਾਰ ਤ੍ਰੇਹ ਬੁਝਾਵਣ ਲਈ ਪਾਣੀ ਮੰਗ ਰਿਹਾ ਸੀ।

"ਠੰਢਾ ਪਾਣੀ ਹੀ ਪਿਲਾ ਦਿਓ।"

ਗੁਲਪ੍ਰੀਤ ਦੇ ਪਾਪਾ ਦੇ ਕੰਨੀਂ ਵੀ ਆਵਾਜ਼ ਪਈ। "ਗੁਲਪ੍ਰੀਤ ਪੁੱਤਰਾ, ਮੰਮੀ ਤੋਂ ਪਾਣੀ ਲੈ ਕੇ ਪਿਲਾ ਦੇ।"

ਗੁਲਪ੍ਰੀਤ ਨੇ ਅੰਦਰੋਂ ਮੰਮੀ ਤੋਂ ਠੰਢੇ ਪਾਣੀ ਦਾ ਜੱਗ ਤੇ ਗਲਾਸ ਲੈ ਆਂਦਾ ਤੇ ਸੇਵਾਦਾਰ ਨੂੰ ਪਾਣੀ ਪਿਲਾ ਦਿੱਤਾ।

"ਜਿਊਂਦਾ ਰਹਿ ਸ਼ੇਰਾ। ਤ੍ਰੇਹ ਬਹੁਤ ਲੱਗੀ ਹੋਈ ਸੀ। ਮਿਹਰਬਾਨੀ। ਪਾਣੀ ਪੀ ਕੇ ਠੰਢ ਪੈ ਗਈ।" ਇਹ ਸੁਣ ਕੇ ਗੁਲਪ੍ਰੀਤ ਨੇ ਵੇਖਿਆ ਕਿ ਗਮਲਿਆਂ 'ਚ ਲਾਏ ਫੁੱਲਾਂ ਦੇ ਬੂਟੇ ਮੁਰਝਾਏ ਹੋਏ ਸਨ। ਉਸ ਨੂੰ ਲੱਗਿਆ ਜਿਵੇਂ ਉਹ ਰੁੱਠ ਗਏ ਹੋਣ।

"ਪਾਪਾ, ਪਾਪਾ, ਬੂਟਿਆਂ ਨੂੰ ਵੀ ਤ੍ਰੇਹ ਲੱਗੀ ਹੋਈ ਐ। ਇਨ੍ਹਾਂ ਨੂੰ ਵੀ ਪਾਣੀ ਪਿਲਾ ਦੇਵਾਂ?"


"ਹਾਂ, ਹਾਂ....... ਕਿਉਂ ਨਹੀਂ?"

ਰਬੜ ਦੀ ਪਾਇਪ ਲੈ ਕੇ, ਟੂਟੀ 'ਚੋਂ ਗੁਲਪ੍ਰੀਤ ਬੂਟਿਆਂ ਨੂੰ ਪਾਣੀ ਲਾਉਣ ਲੱਗ ਪਿਆ। ਪਾਣੀ ਨਾਲ ਬੂਟੇ ਖਿੜ ਉੱਠੇ। ਗੁਲਪ੍ਰੀਤ ਦੇ ਚਿਹਰੇ 'ਤੇ ਵੀ ਰੌਣਕ ਆ ਗਈ।

❖ ❖ ❖

# 16

## ਬਾਲ-ਚਿੱਤਰਕਾਰੀ



ਮੈਂ ਆਪਣੀ ਨਵੀਂ ਪੁਸਤਕ ਤਿਆਰ ਕਰਨ ਵਿੱਚ ਰੁਝਿਆ ਹੋਇਆ ਸੀ। ਮੇਰਾ ਪੋਤਰਾ ਹੁਸਨਵੀਰ ਮੇਰੇ ਕੋਲ ਆ ਬੈਠਾ। ਮੇਰੀਆਂ ਚੀਜ਼ਾਂ ਵੱਲ ਵੇਖਣ ਲੱਗ ਪਿਆ। ਉਹ ਤੀਜੀ ਸ਼੍ਰੇਣੀ 'ਚ ਪੜ੍ਹਦਾ ਹੈ।

ਹੁਸਨਵੀਰ ਬੜਾ ਚੰਚਲ ਹੈ। ਟਿਕ ਕੇ ਨਹੀਂ ਬੈਠਦਾ। ਕੁਝ ਨਾ ਕੁਝ ਕਰਨਾ, ਉਸ ਦਾ ਸੁਭਾਅ ਹੈ। ਉਸ ਦੀ ਮੰਮੀ ਵਿਹੜੇ 'ਚ ਕੱਪੜੇ ਧੋਅ ਰਹੀ ਸੀ। ਮੈਂ ਹੁਸਨਵੀਰ ਨੂੰ ਰੁਝਾਣ ਲਈ ਕੁਝ ਸਫ਼ੇਦ ਕਾਗਜ਼, ਰੰਗਦਾਰ ਪੈਨਸਿਲਾਂ, ਰਬੜ ਤੇ ਪੈੱਨ ਦੇ ਦਿੱਤਾ।

"ਲੈ ਬਈ, ਜੋ ਕੁਝ ਕਰਨਾ, ਕਰੀ ਚੱਲ, ਹੁਸਨਵੀਰ।"

ਤੀਜੀ ਸ਼੍ਰੇਣੀ 'ਚ ਪੜ੍ਹਨ ਕਰ ਕੇ, ਕਾਗਜ਼ਾਂ 'ਤੇ ਘੁੱਗੂ-ਕਾਂਗੜੇ ਤਾਂ ਪਾਈ ਜਾਊਗਾ। ਮੈਨੂੰ ਤੰਗ ਤਾਂ ਨੀਂ ਕਰੂ।

ਮੇਰੇ ਵਾਂਗ ਉਹ ਵੀ ਆਪਣੇ ਕਾਰੇ ਲੱਗ ਗਿਆ। ਉਸ ਨੇ ਕੁਝ ਮਿੰਟਾਂ ਪਿੱਛੋਂ ਇੱਕ ਕਾਗਜ਼ 'ਤੇ ਕੁਝ ਕੀਤਾ।

"ਦਾਰ ਜੀ, ਦੱਸੋ ਇਹ ਕੀ ਹੈ"? ਮੈਥੋਂ ਪੁੱਛਣ ਲੱਗਾ।

ਮੈਂ ਵੇਖਿਆ ਕਿ ਕਾਗਜ਼ 'ਤੇ ਇੱਕ ਲੰਮੀ ਲਕੀਰ ਸੀ ਤੇ ਉਸ ਉੱਤੇ ਵੱਖੋ-ਵੱਖ ਰੰਗਾਂ ਨਾਲ ਕੁਝ ਕਾਟੀਆਂ (×) ਲਾਈਆਂ ਹੋਈਆਂ ਸਨ।

ਮੈਨੂੰ ਖਿਆਲ ਸੀ ਕਿ ਕੋਈ ਪੰਛੀ, ਫੱਲ, ਕੋਈ ਖਿਡੌਣਾ ਜਾਂ ਕੋਈ ਤਿਤਲੀ ਦਾ ਚਿੱਤਰ ਬਣਾਇਆ ਹੋਊ, ਪਰ ਇਹ ਤਾਂ ਮੇਰੀ ਸਮਝ ਤੋਂ ਬਾਹਰ ਸੀ। ਮੈਂ ਸੋਚੀ ਗਿਆ ਕਿ ਇਹ ਕੀ ਚਿਤਰਿਆ।

ਮੈਂ ਆਪਣੀ ਹਾਰ ਮੰਨ ਲਈ। ਮੈਂ ਗ਼ਲਤ ਉੱਤਰ ਦੇਣਾ ਨਹੀਂ ਸੀ ਚਾਹੁੰਦਾ। "ਤੂੰ ਹੀ ਦੱਸ, ਇਹ ਕੀ ਹੈ?" ਮੇਰੇ ਮੂੰਹੋਂ ਨਿਕਲਿਆ।

"ਦਾਰ ਜੀ, ਇਹ ਮੰਮੀ ਨੇ ਵਿਹੜੇ 'ਚ ਲੱਗੀ ਤਾਰ ਉੱਤੇ ਕੱਪੜੇ ਪਾਏ ਹੋਏ ਹਨ ਤੇ ਥੱਲੇ ਡਿੱਗਣ ਤੋਂ ਚੂੰਡੀਆਂ ਲਾਈਆਂ ਹੋਈਆਂ ਹਨ।" ਮੈਂ ਹੈਰਾਨ ਹੋ ਗਿਆ ਤੇ ਨਿਰ-ਉੱਤਰ। ਬਾਲ ਕਲਪਨਾ ਦੀ ਬਾਲ-ਚਿੱਤਰਕਲਾ ਦਾ ਰੰਗ ਵੇਖ ਕੇ ਮੈਨੂੰ ਚਿੱਤਰਕਾਰ ਪਿਕਾਸੋ ਯਾਦ ਆ ਗਿਆ।

❖ ❖ ❖

# 17

## ਆਲ੍ਹਣੇ ਦਾ ਵਿਗੋਚਾ



ਸਰਦੀਆਂ ਦੀ ਰੁੱਤ ਦਾ ਤੀਜਾ ਪਹਿਰ ਸੀ।

ਅਚਾਨਕ ਜ਼ੋਰਦਾਰ ਹਵਾ ਚੱਲੀ। ਮਿੱਟੀ-ਘੱਟੇ ਨਾਲ ਚਾਰ-ਚੁਫੇਰਾ ਹਨੇਰੇ ਵਰਗਾ ਹੋ ਗਿਆ। ਤੂਫ਼ਾਨ ਆ ਗਿਆ। ਚੀਜ਼ਾਂ ਦੇ ਉੱਡਣ ਦੀਆਂ ਤੇ ਰੁੱਖਾਂ ਦੇ ਟੁੱਟਣ ਦੀਆਂ

ਆਵਾਜ਼ਾਂ ਡਰ ਪੈਦਾ ਕਰ ਰਹੀਆਂ ਸਨ। ਮਕਾਨਾਂ 'ਤੇ ਟੀਨ ਦੀਆਂ ਚਾਦਰਾਂ ਖੜਕ ਰਹੀਆਂ ਸਨ। ਬਹੁਤ ਕੁਝ ਤੂਫ਼ਾਨ ਨਾਲ ਨੁਕਸਾਨਿਆ ਜਾ ਰਿਹਾ ਸੀ। ਵਿਹੜਿਆਂ 'ਚ ਚੀਜ਼ਾਂ ਦੀ ਟੁੱਟ-ਭੱਜ ਹੋ ਰਹੀ ਸੀ।

ਹਰਪ੍ਰੀਤ ਤੇ ਉਸ ਦੀ ਮੰਮੀ ਘਰ ਅੰਦਰ ਸੁੰਗੜੇ ਬੈਠੇ ਸਨ। ਤੂਫ਼ਾਨ ਬਹੁਤ ਕੁਝ ਉਡਾ ਰਿਹਾ ਸੀ। ਆਖ਼ਰ ਅੱਧੇ ਘੰਟੇ ਪਿੱਛੋਂ ਤੂਫ਼ਾਨ ਥੰਮ੍ਹ ਗਿਆ। ਲੋਕਾਂ ਨੇ ਸੁੱਖ ਦਾ ਸਾਹ ਲਿਆ। ਲੋਕੀ ਤੂਫ਼ਾਨ ਦੇ ਨੁਕਸਾਨ ਤੋਂ ਮਸੋਸੇ ਹੋਏ ਸਨ। ਹਰ ਕੋਈ ਆਪਣੀਆਂ ਚੀਜ਼ਾਂ ਦੇ ਨੁਕਸਾਨ ਨੂੰ ਵੇਖ ਰਿਹਾ ਸੀ।

ਹਰਪ੍ਰੀਤ ਤੇ ਉਸ ਦੀ ਮੰਮੀ ਵੀ ਵਿਹੜੇ ਦੀਆਂ ਚੀਜ਼ਾਂ ਸੰਭਾਲਣ ਲੱਗੇ। ਬੜਾ ਕੁਝ ਡਿੱਗਿਆ ਪਿਆ ਸੀ। ਖਿੰਡਿਆ-ਪੁੰਡਿਆ।

"ਮੰਮੀ, ਮੰਮੀ, ਚਿੜੀ ਦਾ ਆਲ੍ਹਣਾ ਤਾਂ ਹੈ ਨੀ। ਕਿੱਥੇ ਉੱਡ ਗਿਆ? ਚਿੜੀ ਦਾ ਘਰ ਤਾਂ ਰਿਹਾ ਨਹੀਂ। ਹੁਣ ਚਿੜੀ ਕਿੱਥੇ ਆਊ?" ਹਰਪ੍ਰੀਤ ਰੋਣ ਹਾਕਾ ਹੋ ਗਿਆ।

ਅਸਲ ਵਿੱਚ ਵਿਹੜੇ ਦੀ ਪੜਛੱਤੀ ਥੱਲੇ, ਇੱਕ ਰੱਸੀ ਨਾਲ ਪਿਛਲੇ ਸਾਲ ਤੋਂ ਲੰਮੀ ਚੁੰਝ ਵਾਲੀ ਕਾਲੀ-ਸਲੇਟੀ ਚਿੜੀ ਨੇ ਆਲ੍ਹਣਾ ਬਣਾਇਆ ਹੋਇਆ ਸੀ। ਉਸ ਨੇ ਆਂਡੇ ਦਿੱਤੇ ਸਨ ਤੇ ਉਸ ਦੇ ਦੋ ਬੱਚੇ ਪਲ ਕੇ ਉਡਾਰੀ ਮਾਰ ਗਏ ਸਨ।


ਹਰਪ੍ਰੀਤ ਚਿੜੀ ਤੇ ਉਸ ਦੇ ਬੱਚਿਆਂ ਨਾਲ ਬੜਾ ਮੋਹ ਕਰਦਾ ਸੀ। ਉਸ ਨੂੰ ਉਹ ਬਹੁਤ ਚੰਗੇ ਲਗਦੇ ਸਨ। ਵਿਹੜੇ ਦੀ ਰੌਣਕ ਸਨ। ਤੂਫ਼ਾਨ ਨੇ ਸਾਰਾ ਕੁਝ ਨਸ਼ਟ ਕਰ ਦਿੱਤਾ ਸੀ।

ਉਦਾਸਿਆ ਹਰਪ੍ਰੀਤ ਚੁੱਪ ਸੀ। ਉਸ ਦੀ ਮੰਮੀ ਨੇ ਉਸ ਨੂੰ ਕਲਾਵੇ 'ਚ ਲੈ ਲਿਆ।

❖ ❖ ❖

# 18

## ਭਾਸ਼ਾ ਤੇ ਮਾਂ



ਅਰਪਿਤ ਸਾਡੇ ਘਰ ਕਈ ਮਹੀਨਿਆਂ ਤੋਂ ਸੇਵਾ ਦਾ ਕੰਮ ਕਰਦੀ ਹੈ। ਉਸ ਦਾ ਪਿਛੋਕੜ ਬੰਗਲਾ ਦੇਸ਼ ਤੋਂ ਹੈ। ਉਹ ਆਪਣੇ ਘਰ ਵਾਲੇ ਤੇ ਬੱਚਿਆਂ ਨਾਲ ਮੁਹਾਲੀ ਕਲੋਨੀ 'ਚ ਰਹਿੰਦੀ ਹੈ। ਬੰਗਾਲੀ ਭਾਸ਼ਾ ਦੇ ਨਾਲ-ਨਾਲ ਉਹ ਹਿੰਦੀ ਤੇ ਪੰਜਾਬੀ ਵਿੱਚ

ਗੱਲਬਾਤ ਕਰ ਕੇ ਖ਼ੁਸ਼ ਹੁੰਦੀ ਹੈ। ਸਾਫ਼-ਸਫ਼ਾਈ ਤੇ ਭਾਂਡਿਆਂ ਨੂੰ ਸੁੱਚਾ ਕਰਨ ਵਿੱਚ ਉਹ ਬਹੁਤ ਲਗਨ ਨਾਲ ਕੰਮ ਕਰਦੀ।


ਟੀ.ਵੀ. 'ਤੇ ਆਉਂਦੇ ਕੀਰਤਨ ਨੂੰ ਸੁਣਨਾ ਉਸ ਨੂੰ ਚੰਗਾ ਲਗਦਾ। ਮੇਰੀ ਘਰ ਵਾਲੀ ਨਾਲ ਉਸ ਨੇ ਗੂੜ੍ਹੀ ਸਾਂਝ ਬਣਾਈ ਹੋਈ ਹੈ। ਮੈਂ ਉਸ ਨਾਲ ਮਹਾਨ ਲੇਖਕ ਰਾਬਿੰਦਰ ਨਾਥ ਟੈਗੋਰ ਬਾਰੇ ਕਈ ਵਾਰ ਪੁੱਛ-ਗਿੱਛ ਕੀਤੀ। ਬੰਗਾਲ ਬਾਰੇ ਗੱਲਾਂ ਕਰਦਿਆਂ, ਉਹ ਖਿੜ ਜਾਂਦੀ ਹੈ। ਬੰਗਾਲੀ ਭਾਸ਼ਾ ਦੇ ਕਈ ਸ਼ਬਦਾਂ ਬਾਰੇ, ਮੈਂ ਜਾਣਕਾਰੀ ਲੈਂਦਾ ਹਾਂ। ਉਹ ਬੜੀ ਸਪਸ਼ਟ ਭਾਸ਼ਾ ਬੋਲਦੀ।

ਇੱਕ ਦਿਨ ਉਹ ਸਵੇਰੇ-ਸਵੇਰੇ ਆਪਣੇ ਸਾਢੇ ਕੁ ਤਿੰਨ ਸਾਲ ਦੇ ਪੁੱਤਰ ਨੂੰ ਸਾਡੇ ਘਰ ਲੈ ਆਈ। ਉਸ ਨਿਕੜੇ ਨੇ ਆਉਂਦਿਆਂ ਹੀ ਹੱਥ ਜੋੜ ਕੇ ਮੈਨੂੰ ਸਤਿ ਸ੍ਰੀ ਅਕਾਲ ਬੁਲਾਈ। ਮੈਂ ਅਸੀਸ ਦੇਂਦਿਆਂ, ਉਸ ਤੋਂ ਨਾਂ ਪੁੱਛਿਆ। "ਵਰੁਣ ਐ, ਮੇਰਾ ਨਾਮ।" ਉਸ ਦਾ ਨਿੱਕਾ ਜਿਹਾ ਉੱਤਰ ਸੀ। "ਤੂੰ ਸਕੂਲ ਪੜ੍ਹਨਾ ?" ਮੈਂ ਪੁੱਛਿਆ। ਉਸ ਨੇ ਹਾਂ ਵਿੱਚ ਸਿਰ ਹਿਲਾਉਂਦਿਆਂ ਉੱਤਰ ਦਿੱਤਾ। ਮੈਂ ਕਈ ਹੋਰ ਪ੍ਰਸ਼ਨ ਪੁੱਛੇ। ਉਹ ਪੰਜਾਬੀ ਬੋਲ ਕੇ ਉੱਤਰ ਦਈ ਗਿਆ। ਮੈਨੂੰ ਤਸੱਲੀ ਹੋ ਗਈ ਕਿ ਵਰੁਣ ਆਪਣੀ ਮਾਂ-ਬੋਲੀ ਬੰਗਾਲੀ ਤਾਂ ਘਰ ਬੋਲਦਾ ਹੀ ਹੋਵੇਗਾ, ਪਰ ਪੰਜਾਬੀ ਤਾਂ ਉਸ ਦੀ ਮਾਂ (ਅਰਪਿਤ) ਹੀ ਸਿਖਾਉਂਦੀ ਹੋਵੇਗੀ। ਅਜੇ ਤਾਂ ਉਹ ਕਿਸੇ ਸਕੂਲ ਵਿੱਚ ਵੀ ਨਹੀਂ ਜਾਂਦਾ। ਇਹ ਉਸ ਦੀ ਮਾਂ ਦਾ ਹੀ ਕਮਾਲ ਐ। ਮਾਵਾਂ ਬੋਲੀ ਦੀਆਂ ਸਿਰਜਕ ਜੋ ਹੋਈਆਂ।

❖ ❖ ❖

# 19

## ਪ੍ਰੇਰਨਾ ਦੇ ਪਲ




ਕੁਲਜੀਤ ਨੌਵੀਂ ਸ਼੍ਰੇਣੀ 'ਚ ਹੋ ਗਿਆ ਸੀ। ਜਦੋਂ ਉਸ ਦੇ ਪਿਤਾ ਜੀ ਦਾ ਦਿਹਾਂਤ ਹੋਇਆ ਉਦੋਂ ਉਹ ਪੰਜਵੀਂ 'ਚ ਪੜ੍ਹਦਾ ਸੀ। ਉਸ ਦੇ ਪਿਤਾ ਇੱਕ ਸਕੂਲ ਦੇ ਪ੍ਰਿੰਸੀਪਲ ਸਨ। ਉਹ ਕੁਲਜੀਤ ਨੂੰ ਚੰਗਾ ਵਿਦਿਆਰਥੀ ਬਣਨਾ ਲੋਚਦੇ ਸਨ। ਉਸ ਨੂੰ

ਕਥਾ-ਕਹਾਣੀਆਂ ਸੁਣਾਉਂਦੇ। ਕੁਝ ਮਹੀਨਿਆਂ ਦੀ ਬਿਮਾਰੀ ਨੇ ਕੁਲਜੀਤ ਕੋਲੋਂ ਉਸ ਦਾ ਪਿਤਾ ਖੋਹ ਲਿਆ। ਕੁਲਜੀਤ ਤੇ ਉਸ ਦੀ ਮਾਤਾ ਜੀ 'ਤੇ ਜਿਵੇਂ ਪਹਾੜ ਟੁੱਟ ਪਿਆ। ਕੁਲਜੀਤ ਨੇ ਪੜ੍ਹਾਈ ਜਾਰੀ ਰੱਖੀ ਤੇ ਮਾਂ ਹੌਸਲਾ ਦੇਂਦੀ ਰਹੀ।


ਇੱਕ ਦਿਨ ਕੁਲਜੀਤ ਆਪਣੇ ਪਿਤਾ ਜੀ ਦੀ ਅਲਮਾਰੀ ਦੀ ਫੋਲਾ-ਫਾਲੀ ਕਰ ਰਿਹਾ ਸੀ। ਕੁਝ ਜ਼ਰੂਰੀ ਕਾਗਜ਼ ਉਸ ਦੀ ਮਾਤਾ ਜੀ ਨੂੰ ਚਾਹੀਦੇ ਸਨ। ਕਾਗਜ਼ਾਂ 'ਚੋਂ ਕੁਲਜੀਤ ਨੂੰ ਆਪਣੇ ਪਿਤਾ ਜੀ ਦੀ ਜੌਗਰਫ਼ੀ (ਭੂਗੋਲ) ਦੇ ਨਕਸ਼ਿਆਂ ਦੀ ਕਾਪੀ ਹੱਥ ਲੱਗੀ, ਜਦੋਂ ਉਹ ਦਸਵੀਂ ਸ਼੍ਰੇਣੀ 'ਚ ਪੜ੍ਹਦੇ ਸਨ। ਕੁਲਜੀਤ ਨੇ ਉਹ ਕਾਪੀ ਆਪਣੀ ਮਾਤਾ ਜੀ ਨੂੰ ਵਿਖਾਈ।

"ਹਾਂ, ਪੁੱਤਰਾ, ਇਹ ਨਕਸ਼ਿਆਂ ਦੀ ਕਾਪੀ ਹੈ। ਵੇਖ ਕਿੰਨੇ ਸੁੰਦਰ ਨਕਸ਼ੇ ਬਣਾਏ ਹੋਏ ਹਨ। ਕਾਲੀ ਸਿਆਹੀ ਨਾਲ ਕੀਤੀ ਹੋਈ ਲਿਖਾਈ ਤਾਂ ਬਹੁਤ ਹੀ ਸੁੰਦਰ ਹੈ। ਰੰਗ ਵੀ ਬਹੁਤ ਸੁਹਣੇ ਭਰੇ ਹੋਏ ਹਨ। ਉਨ੍ਹਾਂ ਦੇ ਅਧਿਆਪਕ ਨੇ ਦਸਾਂ 'ਚੋਂ ਸਾਢੇ ਨੌਂ ਨੰਬਰ ਦਿੱਤੇ ਹੋਏ ਹਨ," ਮਾਤਾ ਚੁਪਕਿਆਂ ਅੱਖਾਂ 'ਚੋਂ ਹੰਝੂ ਪੂੰਝਦੀ ਹੋਈ ਬੋਲੀ। ਕਿੰਨਾ ਕੁਝ ਯਾਦ ਆ ਗਿਆ ਸੀ, ਮਾਂ ਨੂੰ। ਗੰਭੀਰ ਹੋਇਆ ਕੁਲਜੀਤ ਕਾਪੀ ਨੂੰ ਫੋਲ-ਫੋਲ ਕੇ ਵੇਖਦਾ ਰਿਹਾ ਤੇ ਪਿਤਾ ਦੇ ਨਕਸ਼ਿਆਂ 'ਤੇ ਹੈਰਾਨ ਹੁੰਦਾ ਰਿਹਾ। ਜੌਗਰਫ਼ੀ ਦੇ ਨਕਸ਼ੇ ਭਰਨ ਤੋਂ ਕੁਲਜੀਤ ਕਤਰਾਉਂਦਾ ਹੁੰਦਾ ਸੀ। ਪੰਦਰਾਂ ਨੰਬਰਾਂ ਦਾ ਨਕਸ਼ੇ ਭਰਨ ਦਾ ਪ੍ਰਸ਼ਨ ਉਸ ਨੂੰ ਔਖਾ ਲਗਦਾ ਸੀ। ਕੁਲਜੀਤ ਨੇ ਆਪਣੇ ਪਿਤਾ ਜੀ ਦੇ ਨਕਸ਼ਿਆਂ ਵਾਲੀ ਕਾਪੀ ਨੂੰ ਹਿੱਕ ਨਾਲ ਲਾਉਂਦਿਆਂ ਕਿਹਾ, "ਮੰਮੀ, ਮੈਂ ਵੀ ਪਿਤਾ ਜੀ ਵਰਗੇ ਨਕਸ਼ੇ ਭਰਿਆ ਕਰਾਂਗਾ।" ਇਹ ਸੁਣ ਕੇ ਮਾਂ ਨੂੰ ਜਿਵੇਂ ਰੱਜ ਆ ਗਿਆ ਹੋਵੇ।

❖ ❖ ❖

20

# ਮਮਤਾ ਦੇ ਅੱਥਰੂ



ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਤੋਂ ਬਾਹਰ ਇਕ ਕਿੱਲੋਮੀਟਰ ਦੂਰ ਸੀ। ਹਰਦਿਲ ਉੱਥੇ ਚੌਥੀ ਸ਼੍ਰੇਣੀ ਵਿੱਚ ਪੜ੍ਹਦਾ ਸੀ।

ਗਰਮੀ ਦੀ ਰੁੱਤ ਸੀ। ਸਕੂਲ ਨੂੰ ਛੁੱਟੀ ਹੋ ਗਈ। ਵਿਦਿਆਰਥੀ ਚਾਂਗਾਂ ਮਾਰਦੇ ਘਰਾਂ ਨੂੰ ਭੱਜ ਤੁਰੇ। ਹਰਦਿਲ ਵੀ ਉਨ੍ਹਾਂ ਦੇ ਨਾਲ ਟੋਲੀ ਵਿੱਚ ਸ਼ਾਮਲ ਸੀ।

ਅੰਬਾਂ ਦਾ ਮੌਸਮ ਸੀ।

ਰਸਤੇ ਵਿੱਚ ਇੱਕ ਅੰਬਾਂ ਦਾ ਬਾਗ ਪੈਂਦਾ ਸੀ। ਬਾਗ 'ਚੋਂ ਕੋਈ ਨਾ ਕੋਈ ਡਿੱਗਿਆ ਅੰਬ ਵਿਦਿਆਰਥੀ ਲਭਦੇ। ਅੱਜ ਵੀ ਪਹਿਲਾਂ ਵਾਂਗ ਵਿਦਿਆਰਥੀ ਥੱਲੇ ਡਿੱਗੇ ਅੰਬ ਲੱਭਦੇ ਤੇ ਚੂਸਣਾ ਸ਼ੁਰੂ ਕਰ ਦਿੰਦੇ। ਰੌਲਾ ਪਾਉਂਦੇ ਤੇ ਮਜਾ ਲੈਂਦੇ।

ਹਰਦਿਲ ਨੂੰ ਵੀ ਇਕ ਅੰਬੀ ਲੱਭ ਪਈ। ਉਸ ਨੇ ਕੁਝ ਪਲ ਅੰਬੀ ਵੱਲ ਵੇਖਿਆ ਤੇ ਝੱਟ ਆਪਣੇ ਖੀਸੇ ਵਿੱਚ ਪਾ ਲਈ। ਬਾਗ 'ਚੋਂ ਸਾਰੇ ਜਣੇ ਆਪੋ-ਆਪਣੇ ਘਰਾਂ ਨੂੰ ਹੋ ਤੁਰੇ।

ਹਰਦਿਲ ਘਰ ਪਹੁੰਚਿਆ।

"ਮੰਮੀ, ਮੰਮੀ, ਮੈਂ ਤੇਰੇ ਜੋਗੀ ਇੱਕ ਚੀਜੋ ਲਿਆਇਆਂ", ਹਰਦਿਲ ਨੇ ਆਪਣੇ ਖੀਸੇ 'ਚੋਂ ਅੰਬੀ ਦੇਂਦਿਆਂ ਮਾਂ ਨੂੰ ਕਿਹਾ।

"ਲੈ ਮੰਮੀ, ਤੂੰ ਅੰਬੀ ਚੂਸ ਲੈ।"

ਮਾਂ ਨੇ ਅੰਬੀ ਪਾਣੀ ਨਾਲ ਧੋਈ, ਉਸ ਦਾ ਚਾਹਾ ਕੱਢਿਆ ਤੇ ਕੋਲ ਖੜੇ ਪੁੱਤਰ ਨੂੰ ਚੂਸਣ ਲਈ ਦੇ ਦਿੱਤੀ।

"ਤੂੰ ਚੂਸ, ਮੈਨੂੰ ਤਾਂ ਏਦਾਂ ਹੀ ਰੱਜ ਆ ਜਾਣਾ।"

ਮਾਂ ਦੀਆਂ ਅੱਖਾਂ 'ਚੋਂ ਹਰਦਿਲ ਦੀ ਮਾਸੂਮ-ਮੁਹੱਬਤ ਵੇਖ ਕੇ, ਮਮਤਾ ਦੇ ਅੱਥਰੂ ਡਿੱਗ ਪਏ।

❖ ❖ ❖

# 21

## ਠੀਂਗਾ-ਠਾਂਗੀ



ਜੱਸੀ ਤੇ ਦੀਦ ਭੈਣ-ਭਰਾ ਨੇ। ਜੱਸੀ ਸੱਤਵੀਂ 'ਚ ਤੇ ਦੀਦ ਪੰਜਵੀਂ 'ਚ ਪੜ੍ਹਦਾ। ਸਕੂਲੋਂ ਆ ਕੇ ਘਰ 'ਚ ਉਥਲ-ਪੁਥਲ ਕਰ ਦਿੰਦੇ। ਖਾਣ ਨੂੰ ਕਦੇ ਕੁਝ ਮੰਗਦੇ, ਕਦੇ ਕੁਝ। ਉਨ੍ਹਾਂ ਦੀ ਮੰਮੀ ਤੰਗ ਆ ਜਾਂਦੀ। ਦੀਦ ਆਪਣੀ ਭੈਣ ਦੀਆਂ ਚੀਜ਼ਾਂ ਲਕੋ ਦਿੰਦਾ ਤਾਂ

ਜੋ ਜੱਸੀ ਨੂੰ ਡਾਂਟ ਪਵੇ। ਜੱਸੀ ਵੀ ਘੱਟ ਨਹੀਂ। "ਮੈਂ ਵੱਡੀ ਹਾਂ, ਤੂੰ ਮੇਰਾ ਕਹਿਣਾ ਮੰਨ।" ਜੱਸੀ ਰੋਅਬ ਠੋਕਦੀ। "ਮੈਂ ਤੈਥੋਂ ਤਕੜਾ ਹਾਂ, ਤੇਰੇ ਕੋਲੋਂ ਤਾਂ ਪਾਣੀ ਦੀ ਬਾਲਟੀ ਵੀ ਚੁੱਕ ਨਹੀਂ ਹੁੰਦੀ," ਦੀਦ ਅੱਗੋਂ ਬੋਲਣ ਲੱਗ ਪੈਂਦਾ। ਉਸ ਨੂੰ ਚੜ੍ਹਾਉਂਦਾ। ਦੋਵਾਂ ਦੀ ਖ਼ੂਬ ਠੀਂਗਾ-ਠਾਂਗੀ ਹੁੰਦੀ। ਝਿੰਟਮ-ਝਿੰਟੀ ਹੋਣ ਤੋਂ ਬਚਾਓ ਹੋ ਜਾਂਦਾ।

ਉਨ੍ਹਾਂ ਦੀ ਮੰਮੀ ਰਸੋਈ 'ਚੋਂ ਆਵਾਜ਼ ਦਿੰਦੀ, "ਹੁਣ ਤਾਂ ਬਥੇਰਾ ਜਿੱਦ ਲਏ। ਕਿਤਾਬਾਂ ਚੁੱਕੋ ਤੇ ਪੜ੍ਹੋ। ਸਕੂਲ ਦਾ ਕੰਮ ਕਰੋ।"

ਚੁੱਪ-ਚਾਪ ਹੋ ਜਾਂਦੀ। ਦੋਵੇਂ ਟਿਕ ਜਾਂਦੇ। ਏਨੇ ਨੂੰ ਉਨ੍ਹਾਂ ਦਾ ਪਿਤਾ ਘਰ ਆ ਜਾਂਦਾ ਹੈ। ਤੰਗ ਆਈ ਮੰਮੀ ਠੀਂਗਾ-ਠਾਂਗੀ ਬਾਰੇ ਉਨ੍ਹਾਂ ਨੂੰ ਦੱਸਦੀ।

"ਇਹ ਤਾਂ ਇਨ੍ਹਾਂ ਦਾ ਰੋਜ਼ ਦਾ ਹੀ ਕੰਮ ਹੈ। ਕੁਝ ਸੋਚੋ।" ਬੱਚਿਆਂ ਦੀ ਮੰਮੀ ਆਖਦੀ।

ਪਿਤਾ ਨੂੰ ਇੱਕ ਗੱਲ ਔੜੀ।

"ਜੱਸੀ ਬੇਟੀ, ਤੂੰ ਕੱਲ੍ਹ ਤੋਂ ਡਰਾਇੰਗ-ਰੂਮ ਦੀ ਸਜਾਵਟ ਕਰਿਆ ਕਰਨੀਂ। ਹਰ ਰੋਜ਼ ਸਜਾਵਟ ਕਰਨ ਦੇ ਨੰਬਰ ਲੱਗਿਆ ਕਰਨਗੇ। ਵੇਖਦਾਂ ਤੂੰ ਆਪਣੀ ਕਲਾ ਕਿਵੇਂ ਕਰਦੀਂ ?"

'ਦੀਦ ਪੁੱਤਰ, ਤੂੰ ਵਿਹੜੇ ਦੇ ਫੁੱਲ-ਬੂਟੇ ਤੇ ਗਮਲਿਆਂ ਦੀ ਸੰਭਾਲ ਕਰਿਆ ਕਰਨੀਂ। ਕਿਆਰੀਆਂ ਦੇ ਪੌਦਿਆਂ ਦਾ ਖਿਆਲ ਰੱਖਣਾ। ਹਰ ਰੋਜ਼ ਨੰਬਰ ਮਿਲਿਆ ਕਰਨਗੇ। ਹਫ਼ਤੇ ਬਾਅਦ ਵਧ ਨੰਬਰ ਵਾਲੇ ਨੂੰ ਪੰਜਾਹ ਰੁਪਏ ਤੇ ਘੱਟ ਵਾਲੇ ਨੂੰ ਵੀਹ ਰੁਪਏ ਇਨਾਮ ਵੱਜੋਂ ਮਿਲਿਆ ਕਰਨਗੇ।

ਇਸ ਖ਼ੁਸ਼ੀ 'ਚ ਜੱਸੀ ਤੇ ਦੀਦ ਨੇ ਪਿਤਾ ਦੀ ਗੱਲ ਮੰਨ ਲਈ। ਇਨਾਮ ਕਿਸ ਨੂੰ ਚੰਗਾ ਨਹੀਂ ਲਗਦਾ। ਹੁਣ ਦੋਵੇਂ ਭੈਣ-ਭਰਾ ਸਕੂਲੋਂ ਆ ਕੇ ਆਪਣੇ-ਆਪਣੇ ਕੰਮ 'ਚ ਜੁਟ ਜਾਂਦੇ। ਉਨ੍ਹਾਂ ਨੂੰ ਸਕੂਲ ਦੀ ਪੜ੍ਹਾਈ ਕਰਨ ਤੋਂ ਬਾਅਦ, ਇਨਾਮ ਲੈਣ ਦੀ ਪੈ ਜਾਂਦੀ। ਉਨ੍ਹਾਂ ਨੂੰ ਹਫ਼ਤੇ ਦੇ ਇਨਾਮ ਦੀ ਉਡੀਕ ਲੱਗੀ ਰਹਿੰਦੀ। ਵਿਹਲ ਹੀ ਨਾ ਮਿਲਦੀ। ਲੜਨਾ ਝਗੜਨਾ ਭੁੱਲ ਗਏ।

ਉਨ੍ਹਾਂ ਦੀ ਮੰਮੀ ਖ਼ੁਸ਼ ਸੀ ਕਿ ਹੁਣ ਠੀਂਗਾ-ਠਾਂਗੀ ਬੰਦ ਹੋ ਗਈ ਸੀ।

❖ ❖ ❖

# 22

## ਸੁੱਖ ਦਾ ਸਾਹ



ਸੁਖਪ੍ਰੀਤ ਤੀਜੀ ਸ਼੍ਰੇਣੀ 'ਚ ਹੋ ਗਿਆ ਸੀ। ਉਸ ਦਾ ਸਰਕਾਰੀ ਪ੍ਰਾਇਮਰੀ ਸਕੂਲ ਉਸ ਦੇ ਘਰ ਤੋਂ ਬਹੁਤੀ ਦੂਰ ਨਹੀਂ ਸੀ। ਘਰਦਿਆਂ ਨੇ ਸੋਚਿਆ ਕਿ ਸੁਖਪ੍ਰੀਤ ਨੂੰ ਕਿਉਂ ਨਾ ਕਿਸੇ ਚੰਗੇ ਪਬਲਿਕ ਸਕੂਲ 'ਚ ਦਾਖਲ ਕਰਵਾ ਦਈਏ। ਹੋਰ ਲੋਕਾਂ ਦੇ ਬੱਚੇ ਬੱਸਾਂ ਵਿੱਚ ਜਾਂਦੇ ਹਨ। ਸਾਡੇ ਕੋਲ ਕਿਹੜੇ ਕਿਸੇ ਚੀਜ਼ ਦੀ ਘਾਟ ਹੈ।

ਇਹ ਸੋਚ ਕੇ ਮਾਪਿਆਂ ਨੇ ਸੁਖਪ੍ਰੀਤ ਨੂੰ ਪੁਰਾਣੇ ਸਕੂਲ ਤੋਂ ਹਟਾ ਕੇ, ਇੱਕ ਸਮਾਰਟ ਸਕੂਲ ਵਿੱਚ ਦਾਖਲ ਕਰਵਾ ਦਿੱਤਾ। ਨਵੀਆਂ ਕਿਤਾਬਾਂ, ਨਵਾਂ ਬੈਗ, ਨਵੀਂ ਵਰਦੀ ਤੇ ਹੋਰ ਸਾਮਾਨ ਬੜੇ ਚਾਵਾਂ ਨਾਲ ਸੁਖਪ੍ਰੀਤ ਨੂੰ ਖਰੀਦ ਕੇ ਦਿੱਤਾ। ਮਾਪੇ ਖ਼ੁਸ਼ ਸਨ ਕਿ ਹੁਣ ਉਨ੍ਹਾਂ ਦਾ ਬੱਚਾ ਹੋਰਾਂ ਦੇ ਬੱਚਿਆਂ ਵਾਂਗ ਨਵੇਂ ਸਕੂਲ ਜਾਂਦਾ ਹੈ।

ਹਫ਼ਤਾ ਲੰਘ ਗਿਆ ਪਰੰਤੂ ਸੁਖਪ੍ਰੀਤ ਦੀ ਸਿਹਤ ਢਿੱਲੀ ਰਹਿਣ ਲੱਗ ਪਈ। ਖਾਣਾ ਖਾਣ ਵੱਲ ਮੂੰਹ ਹੀ ਨਾ ਕਰੇ। ਉਦਾਸ-ਉਦਾਸ ਰਹੇ। ਸਕੂਲ ਜਾਣ ਤੋਂ ਨਾਂਹ-ਨੁੱਕਰ ਕਰੇ। ਮਹੀਨਾ ਲੰਘ ਗਿਆ। ਸੁਖਪ੍ਰੀਤ ਹੋਰ ਵੀ ਨਿਢਾਲ ਰਹਿਣ ਲੱਗ ਪਿਆ। ਸਕੂਲ ਦੀ ਪੜ੍ਹਾਈ ਨਾਲੋਂ ਉਸ ਦੀ ਸਿਹਤ ਦੀ ਚਿੰਤਾ ਵੱਧ ਹੋ ਗਈ। ਮਾਪਿਆਂ ਨੇ ਸਕੂਲ ਜਾ ਕੇ ਵੀ ਗੱਲ ਕੀਤੀ। ਸਾਰੇ ਆਖਣ ਸਾਨੂੰ ਤਾਂ ਆਪ ਸਮਝ ਨਹੀਂ ਆਉਂਦੀ ਕਿ ਸੁਖਪ੍ਰੀਤ ਏਦਾਂ ਕਿਉਂ ਰਹਿੰਦਾ। "ਡਾਕਟਰ ਨੂੰ ਵਿਖਾਓ, ਕੋਈ ਅੰਦਰੂਨੀ ਬਿਮਾਰੀ ਨਾ ਹੋਵੇ," ਮੁੱਖ-ਅਧਿਆਪਕ ਨੇ ਸੁਝਾਅ ਦਿੱਤਾ।


ਮਾਪਿਆਂ ਨੇ ਕਈ ਡਾਕਟਰਾਂ ਕੋਲ ਨੱਠ-ਭੱਜ ਕੀਤੀ ਪਰੰਤੂ ਸੁਖਪ੍ਰੀਤ ਦੀ ਸਿਹਤ ਵਿੱਚ ਕੋਈ ਸੁਧਾਰ ਨਾ ਹੋਇਆ। ਮਾਪੇ ਹੋਰ ਵੀ ਘਬਰਾ ਗਏ। ਕਰਨ ਤਾਂ ਕੀ ਕਰਨ। ਔਹੜ-ਪੌਹੜ ਸਭ ਬੇਅਰਥ। ਕਈ ਮਹੀਨੇ ਲੰਘ ਗਏ। ਖਰਚ ਵਾਧੂ ਹੁੰਦਾ ਰਿਹਾ। ਕਿਸੇ ਨੇ ਸਲਾਹ ਦਿੱਤੀ ਕਿ ਬੱਚੇ ਨੂੰ ਕਿਸੇ ਬਾਲ-ਮਨੋਵਿਗਿਆਨੀ ਨੂੰ ਵਿਖਾਓ।

ਬਾਲ-ਮਨੋਵਿਗਿਆਨੀ ਨੇ ਸਾਰੀ ਕਹਾਣੀ ਸੁਣੀ। ਬੱਚੇ ਨੂੰ ਪੁੱਛਿਆ ਕਿ ਤੂੰ ਨਵੇਂ ਸਕੂਲ 'ਚ ਪੜ੍ਹਨਾ। ਡਰਦੇ-ਡਰਦੇ ਬੱਚੇ ਨੇ ਕਿਹਾ, "ਨਹੀਂ।" ਪੁਰਾਣੇ ਸਕੂਲ 'ਚ ਪੜ੍ਹਨਾ? "ਹਾਂ।" ਬੱਚੇ ਨੇ ਖ਼ੁਸ਼ੀ ਨਾਲ ਸਾਹ ਲੈਂਦਿਆਂ ਕਿਹਾ। ਬਾਲ-ਮਨੋਵਿਗਿਆਨੀ ਝੱਟ ਸੁਖਪ੍ਰੀਤ ਦੀ ਗੁੰਝਲ ਸਮਝ ਗਿਆ ਤੇ ਉਸ ਨੇ ਮਾਪਿਆਂ ਨੂੰ ਸਾਰੀ ਸਮੱਸਿਆ ਦਾ ਹੱਲ ਦੱਸ ਦਿੱਤਾ। ਅਸਲ ਵਿੱਚ ਸੁਖਪ੍ਰੀਤ ਆਪਣੇ ਹਾਣੀਆਂ ਤੋਂ ਵਾਂਝਾ ਹੋ ਗਿਆ ਸੀ। ਪੁਰਾਣੇ ਸਕੂਲ ਦੇ ਵਾਤਾਵਰਣ ਨਾਲ ਉਸ ਦਾ ਮੋਹ ਸੀ। ਉਸ ਦੀ ਇੱਕ ਅਧਿਆਪਕਾ ਪ੍ਰੀਤੀ ਵਾਸੂ ਉਸ ਨੂੰ ਬਹੁਤ ਪਿਆਰ ਕਰਦੀ ਸੀ। ਆਪਣੇ ਸਾਥੀਆਂ ਨਾਲ ਸੁਖਪ੍ਰੀਤ ਖੇਡ ਕੇ ਖ਼ੁਸ਼ ਹੁੰਦਾ ਸੀ। ਪੁਰਾਣੇ ਸਕੂਲ ਦੀਆਂ ਗੱਲਾਂ ਉਸ ਦੇ ਬਾਲ-ਮਨ ਦੇ ਸੰਸਾਰ ਵਿੱਚ ਉੱਕਰੀਆਂ ਹੋਈਆਂ ਸਨ। ਉਸ ਨੂੰ ਉੱਥੋਂ ਹੀ ਖੁੱਲ੍ਹ ਤੇ ਅਪਣੱਤ ਮੋਂਹਦੀ ਸੀ। ਨਵਾਂ

ਸਕੂਲ ਉਸ ਲਈ ਖਿੱਚ ਦਾ ਕੇਂਦਰ ਨਾ ਬਣ ਸਕਿਆ। ਓਦਰਿਆ-ਓਦਰਿਆ ਸੁਖਪ੍ਰੀਤ ਸਗੋਂ ਰੋਗੀ ਹੋ ਗਿਆ।

ਬਾਲ-ਮਨੋਵਿਗਿਆਨੀ ਦੀ ਸਲਾਹ ਲਾਹੇਵੰਦ ਸਾਬਤ ਹੋਈ। ਮਾਪਿਆਂ ਨੇ ਮੁੜ ਸੁਖਪ੍ਰੀਤ ਨੂੰ ਪਹਿਲੇ ਸਕੂਲ ਵਿੱਚ ਦਾਖਲ ਕਰਵਾ ਦਿੱਤਾ। ਸਾਰੀ ਸਮੱਸਿਆ ਹੱਲ ਹੋ ਗਈ ਤੇ ਸੁਖਪ੍ਰੀਤ ਸਹਿਜੇ-ਸਹਿਜੇ ਤੰਦਰੁਸਤ ਹੁੰਦਾ ਗਿਆ ਤੇ ਪੜ੍ਹਾਈ ਵਿੱਚ ਵੀ ਦਿਲਚਸਪੀ ਲੈਣ ਲੱਗਿਆ। ਮਾਪਿਆਂ ਨੂੰ ਸੁੱਖ ਦਾ ਸਾਹ ਆਇਆ।

❖ ❖ ❖



ਪੰਜਾਬੀ ਦੇ ਨਾਮਵਰ ਲੇਖਕ ਸ਼੍ਰੋਮਣੀ ਸਾਹਿਤਕਾਰ/ਨੈਸ਼ਨਲ ਐਵਾਰਡੀ ਸ੍ਰੀ ਮਨਮੋਹਨ ਸਿੰਘ ਦਾਊਂ ਨੇ ਪੰਜਾਬੀ ਬਾਲ-ਸਾਹਿਤ ਦੀਆਂ ਵਿਭਿੰਨ ਵਿਧਾਵਾਂ 'ਚ ਲਿਖ ਕੇ ਆਪਣਾ ਸਿੱਕਾ ਜਮਾਇਆ ਹੈ। ਨਰਸਰੀ ਗੀਤ, ਬਾਲ-ਗੀਤ, ਕਵਿਤਾਵਾਂ, ਕਹਾਣੀਆਂ, ਸੰਸਮਰਣ, ਜੀਵਨੀਆਂ, ਸਭਿਆਚਾਰਕ ਲੇਖ, ਇਤਿਹਾਸ ਅਤੇ ਵਾਤਾਵਰਣ ਆਦਿ ਵਿਸ਼ਿਆਂ 'ਤੇ ਲਗਪਗ 30 ਪੁਸਤਕਾਂ ਲਿਖੀਆਂ ਹਨ।

ਹਥਲੀ ਪੁਸਤਕ 'ਬਾਈ ਬਾਲ ਕਹਾਣੀਆਂ' ਬਿਲਕੁਲ ਇੱਕ ਨਵੀਂ ਪ੍ਰਯੋਗ-ਵਿਧੀ ਨਾਲ ਲਿਖੀ ਗਈ ਹੈ, ਜਿਸ ਰਾਹੀਂ ਬੱਚੇ ਦੀ ਮਾਨਸਿਕਤਾ, ਸੁਭਾਅ, ਰੁਚੀ, ਕਲਪਨਾ, ਰੀਝਾਂ ਤੇ ਉਮੰਗਾਂ ਨੂੰ ਬਾਲ-ਮਨੋਵਿਗਿਆਨ ਦੇ ਆਧਾਰ 'ਤੇ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਕਹਾਣੀਆਂ ਪੜ੍ਹਦਿਆਂ ਉੱਘੇ ਸਮਾਜ-ਸੇਵੀ, ਸਿੱਖਿਆ-ਸ਼ਾਸਤਰੀ ਤੇ ਬਾਲ-ਮਨੋਵਿਗਿਆਨੀ ਸ੍ਰੀ ਗੱਜੂ ਭਾਈ ਚੇਤੇ ਆਉਣ ਲਗਦਾ ਹੈ। ਕਹਾਣੀਆਂ 'ਚ ਪਾਤਰਾਂ ਨਾਲ ਸੰਵਾਦ ਜੀਵਨ-ਸੱਚ ਦੇ ਏਨਾ ਨੇੜੇ ਹੈ ਜਿਵੇਂ ਹਰ ਘਰ ਦੇ ਬੱਚੇ ਦੀ ਗੱਲ ਆਖੀ ਗਈ ਹੋਵੇ। ਵਾਰਤਕ ਸ਼ੈਲੀ ਸਰਲ, ਸਪੱਸ਼ਟ, ਸੰਜਮੀ ਤੇ ਰੌਚਿਕ ਹੈ। ਪੰਜਾਬੀ ਬਾਲ-ਸਾਹਿਤ ਵਿੱਚ ਇਹ ਵਿਲੱਖਣ ਕਹਾਣੀਆਂ ਪੱਥ-ਪ੍ਰਦਰਸ਼ਕ ਬਣਨ ਦਾ ਗੁਣ ਰੱਖਦੀਆਂ ਹਨ।

**ਡਾ. ਬਲਦੇਵ ਸਿੰਘ**

**SAPATRISHI PUBLICATIONS**
24/9, Industrial Area, Phase -2
Near Tribune Chowk, Chandigarh
Tel.: 0172-5002591, 094630-88272
E-mail: sapatrishi94@gmail.com
www.sapatrishipublications.in

ISBN
9 789386 318701
₹ 100.00